# ਸ਼ਹਿਰ ਗਿਆ ਕਾਂ

(ਬਾਲ ਕਹਾਣੀਆਂ)

ਇਕਬਾਲ ਸਿੰਘ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

ਇਸ ਪੁਸਤਕ ਦੇ ਸਾਰੇ ਹੱਕ ਰਾਖਵੇਂ ਹਨ। ਪ੍ਰਕਾਸ਼ਕ ਦੀ ਲਿਖਤ ਆਗਿਆ ਬਿਨਾਂ ਇਸ ਕਿਤਾਬ ਦੇ ਕਿਸੇ ਵੀ ਹਿੱਸੇ ਨੂੰ, ਫੋਟੋਕਾਪੀ ਜਾਂ ਹੋਰ ਕਿਸੇ ਵੀ ਮਸ਼ੀਨੀ ਮਾਧਿਅਮ ਨਾਲ ਦੋਬਾਰਾ ਨਹੀਂ ਛਾਪਿਆ ਜਾ ਸਕਦਾ।

**Shahar Gya Kaan**

(Stories for children)

by : Iqbal Singh
V&PO : Hamjapur, Teh. Ratia,
Distt. Fatehabad (Haryana)-125051
email : iqbalhamjapur@gmail.com
Mob: 094165-92149, 086071-45315

Title designed by T. Singh

ISBN : 978-81-7914-576-0

Edition : 2013

Price : Rs. 50

**Published by**
Tarlochan Publishers
3236, Sector 15-D, Chandigarh
Phone : 9878603236, 9814673236
E-mail : tarlochanpublishers@yahoo.co.in

ਸ਼ਹਿਰ ਗਿਆ ਕਾਂ (ਕਹਾਣੀਆਂ), ਲੇਖਕ : ਇਕਬਾਲ ਸਿੰਘ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਛਾਪਕ : ਮੋਨਾ ਐਂਟਰਪ੍ਰਾਈਜ਼ਜ, ਦਿੱਲੀ

**ਸਮਰਪਣ**

ਲੀਨ
ਤੇ
ਸ਼ਾਨ
ਨੂੰ

## ਲੇਖਕ ਦੀਆਂ ਹੋਰ ਪੁਸਤਕਾਂ

1. ਵਹਿਮੀ ਰਾਜਾ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2006-07 ਵਿਚ ਪੁਰਸਕ੍ਰਿਤ ਬਾਲ ਕਹਾਣੀ-ਸੰਗ੍ਰਹਿ)
2. ਪਿੰਡ ਵਿਚ ਪਰਮੇਸ਼ਰ ਵਸਦਾ (ਪੁਰਸਕ੍ਰਿਤ ਕਹਾਣੀਆਂ)
3. ਬਾਂਗਰ ਦਾ ਰਾਜਾ (ਕਹਾਣੀ-ਸੰਗ੍ਰਹਿ)
4. ਸ਼ੇਰ ਦੀ ਮਾਸੀ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2009-10 ਵਿਚ ਪੁਰਸਕ੍ਰਿਤ ਬਾਲ ਕਹਾਣੀ-ਸੰਗ੍ਰਹਿ)
   ਅਤੇ
   (ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਮਾਤਾ ਜਸਵੰਤ ਕੌਰ ਮੌਲਿਕ ਬਾਲ ਸਾਹਿਤ ਪੁਰਸਕਾਰ-2009 ਜੇਤੂ ਬਾਲ ਕਹਾਣੀ-ਸੰਗ੍ਰਹਿ)
5. ਮੁਰਗੇ ਦੀ ਬਾਂਗ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਤੋਂ ਸਾਲ 2011 ਵਿਚ ਪੁਰਸਕ੍ਰਿਤ ਬਾਲ ਕਹਾਣੀ-ਸੰਗ੍ਰਹਿ)
6. ਕਾਂ ਦੀ ਕਾਂ ਕਾਂ (ਬਾਲ ਕਹਾਣੀ-ਸੰਗ੍ਰਹਿ)
7. ਚੂਹਾ ਬਣਿਆ ਵਜ਼ੀਰ (ਬਾਲ ਕਹਾਣੀ-ਸੰਗ੍ਰਹਿ)
8. ਮੇਰੀਆਂ ਚੋਣਵੀਆਂ ਮਿੰਨੀ ਕਹਾਣੀਆਂ (ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਦੀ ਸਹਾਇਤਾ ਨਾਲ ਪ੍ਰਕਾਸ਼ਿਤ ਮਿੰਨੀ ਕਹਾਣੀ-ਸੰਗ੍ਰਹਿ)

# ਤਤਕਰਾ


- ਚਲਾਕ ਕਾਂ 7
- ਫੇਸਬੁਕ ਦੀ ਮਿੱਤਰਤਾ 10
- ਨਿੱਕੀ ਚਿੜੀ ਦੀ ਸਿਆਣਪ 13
- ਕਿੱਟੂ ਕਾਂ 16
- ਸ਼ਾਹੀ ਫ਼ੌਜ ਤੇ ਗਧਾ 20
- ਆਲਸੀ ਮਾਣੋ ਬਿੱਲੀ 24
- ਪਟਾਖੇ 27
- ਸ਼ਹਿਰ ਗਿਆ ਕਾਂ 29

# ਚਲਾਕ ਕਾਂ

ਚਲਾਕ ਕਾਂ ਭਉਂਦਾ-ਭਉਂਦਾ ਉਸ ਦਰੱਖਤ ਉੱਪਰ ਜਾ ਬੈਠਾ, ਜਿਸ ਦਰੱਖਤ ਉੱਪਰ ਤੋਤਾ ਰਹਿੰਦਾ ਸੀ। ਤੋਤੇ ਲਈ ਕਾਂ ਅਜਨਬੀ ਸੀ, ਫਿਰ ਵੀ ਤੋਤੇ ਨੇ ਕਾਂ ਨੂੰ ਸੁਖਸਾਂਦ ਪੁੱਛੀ। ਤੋਤੇ ਨੇ ਕਾਂ ਨੂੰ ਮਹਿਮਾਨ ਸਮਝ ਕੇ ਕੇਕ ਦਾ ਇਕ ਪੀਸ ਖਾਣ ਨੂੰ ਦਿੱਤਾ।

"ਤੋਤੇ ਭਰਾ! ਕੇਕ ਬਹੁਤ ਟੇਸਟੀ ਆ। ਕਿੱਥੋਂ ਲੈ ਕੇ ਆਇਆਂ ?" ਕੇਕ ਖਾਂਦਿਆਂ ਕਾਂ ਨੇ ਪੁੱਛਿਆ।

"ਬਾਜ਼ਾਰ ਵਿਚ ਨੁੱਕਰ ਵਾਲੀ ਮਿਠਾਈ ਦੀ ਦੁਕਾਨ ਤੋਂ ਸਵੇਰੇ ਲੈ ਕੇ ਆਇਆਂ ਸਾਂ। ਨੁੱਕਰ ਵਾਲੀ ਦੁਕਾਨ ਦਾ ਮਾਲਕ ਬਹੁਤ ਚੰਗਾ। ਜਦੋਂ ਵੀ ਜਾਈਏ, ਕੁਝ ਨਾ ਕੁਝ ਖਾਣ ਨੂੰ ਦੇ ਹੀ ਦਿੰਦਾ।" ਤੋਤੇ ਨੇ ਦੱਸਿਆ ਤੇ ਚਲਾਕ ਕਾਂ ਤੋਤੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣ ਲੱਗ ਪਿਆ।



"ਤੋਤੇ ਭਰਾ! ਤੁਸੀਂ ਕਿਸਮਤ ਵਾਲੇ ਹੋ। ਤੁਹਾਨੂੰ ਹਰ ਥਾਂ ਤੋਂ ਕੁਝ ਨਾ ਕੁਝ ਖਾਣ ਲਈ ਮਿਲ ਜਾਂਦਾ ਤੇ ਹਰੇਕ ਤੁਹਾਨੂੰ ਪਸੰਦ ਕਰਦਾ ਹੈ। ਮੇਰੇ ਕਾਲੇ ਰੰਗ ਨੂੰ ਕੋਈ

ਵੀ ਪਸੰਦ ਨਹੀਂ ਕਰਦਾ। ਉਂਜ ਵੀ ਮੋਬਾਇਲਾਂ ਨੇ ਮੇਰੀ ਕਦਰ ਘਟਾ ਦਿੱਤੀ ਹੈ। ਕੋਈ ਜ਼ਮਾਨਾ ਹੁੰਦਾ ਸੀ, ਮੈਂ ਲੋਕਾਂ ਨੂੰ ਮਹਿਮਾਨਾਂ ਦੇ ਆਉਣ ਦੀ ਸੂਚਨਾ ਦਿੰਦਾ ਹੁੰਦਾ ਸਾਂ ਤੇ ਮੈਨੂੰ ਕਾਂ-ਕਾਂ ਕਰਦੇ ਨੂੰ ਵੇਖ ਕੇ ਲੋਕ ਚੂਰੀ ਖਾਣ ਨੂੰ ਦੇਂਦੇ ਹੁੰਦੇ ਸਨ। ਅੱਜ ਕੱਲ੍ਹ ਮਹਿਮਾਨ ਪਹਿਲਾਂ ਹੀ ਮੋਬਾਇਲ ਰਾਹੀਂ ਆਪਣੇ ਆਉਣ ਦੀ ਸੂਚਨਾ ਦੇ ਦਿੰਦੇ ਹਨ ਤੇ ਮੇਰੇ ਕਾਂ-ਕਾਂ ਕਰਨ ਜਾਂ ਕਰੂਲੀਆਂ ਕਰਨ ਨੂੰ ਲੋਕ ਅਸ਼ੁਭ ਸਮਝਦੇ ਹਨ।" ਕਾਂ ਨੇ ਦੱਸਿਆ ਤੇ ਕਾਂ ਦੀਆਂ ਗੱਲਾਂ ਸੁਣ ਕੇ ਤੋਤੇ ਨੂੰ ਹੋਰ ਤਰਸ ਆਇਆ।

"ਕਾਂ ਭਰਾ! ਮੈਨੂੰ ਅਫ਼ਸੋਸ ਹੈ ਕਿ ਮੋਬਾਇਲ ਨੇ ਤੇਰੀ ਕਦਰ ਘਟਾ ਦਿੱਤੀ ਹੈ।" ਤੋਤੇ ਨੇ ਆਖਿਆ।

ਕਾਂ ਦੀਆਂ ਗੱਲਾਂ ਤੋਂ ਤੋਤਾ ਸਮਝ ਗਿਆ ਸੀ ਕਿ ਕਾਂ ਸਵੇਰ ਦਾ ਭੁੱਖਾ ਹੈ। ਹਮਦਰਦੀ ਜਤਾਉਂਦਿਆਂ ਤੋਤੇ ਨੇ ਕਾਂ ਨੂੰ ਇਕ ਹੋਰ ਕੇਕ ਦਾ ਪੀਸ ਖਾਣ ਨੂੰ ਦਿੱਤਾ ਤੇ ਪੇਟ-ਪੂਜਾ ਕਰਕੇ ਕਾਂ ਚਲਾ ਗਿਆ।

"ਮੈਨੂੰ ਤੇ ਇਹ ਕਾਂ ਕੰਮਚੋਰ ਤੇ ਮੁਫ਼ਤਖੋਰ ਲਗਦਾ।" ਕਾਂ ਦੇ ਜਾਣ ਤੋਂ ਬਾਅਦ ਨਾਲ ਦੇ ਦਰੱਖਤ ਉੱਪਰ ਰਹਿੰਦੀ ਮੈਨਾ ਨੇ ਆਖਿਆ, ਪਰ ਤੋਤੇ ਨੇ ਮੈਨਾ ਦੀ ਗੱਲ ਨੂੰ ਬਹੁਤਾ ਨਾ ਗੌਲ਼ਿਆ।

"ਵਿਚਾਰਾ ਸਵੇਰ ਦਾ ਭੁੱਖਾ ਸੀ ਤੇ ਆਸ ਕਰਕੇ ਆ ਗਿਆ। ਸਿਆਣੇ ਕਹਿੰਦੇ ਨੇ—"ਪਿਆਸੇ ਨੂੰ ਪਾਣੀ ਤੇ ਭੁੱਖੇ ਨੂੰ ਰੋਟੀ ਦੇਣੀ ਸਭ ਤੋਂ ਵੱਡਾ ਪੁੰਨ ਦਾ ਕੰਮ ਆ।" ਤੋਤੇ ਨੇ ਮੈਨਾ ਨੂੰ ਸਮਝਾਇਆ।

ਤੋਤੇ ਨੇ ਕਾਂ ਨੂੰ ਖਾਣ ਲਈ ਕੇਕ ਦੇ ਕੇ ਆਪਣੇ ਵੱਲੋਂ ਭਾਵੇਂ ਪੁੰਨ ਦਾ ਕੰਮ ਕੀਤਾ ਸੀ ਪਰ ਕਾਂ ਸਚਮੁੱਚ ਹੀ ਮੁਫ਼ਤਖੋਰ ਸੀ।

ਇਕ ਦਿਨ ਤੋਤੇ ਤੋਂ ਕੇਕ ਮੰਗ ਕੇ ਖਾਣ ਤੋਂ ਬਾਅਦ ਚਲਾਕ ਕਾਂ ਹੁਣ ਰੋਜ਼ਾਨਾ ਗੇੜਾ ਮਾਰਦਾ ਸੀ। ਕਾਂ ਘੰਟਾ-ਘੰਟਾ ਬੈਠਾ ਰਹਿੰਦਾ ਤੇ ਤੋਤੇ ਨਾਲ ਗੱਲਾਂ ਮਾਰਦਾ ਰਹਿੰਦਾ। ਤੋਤੇ ਤੋਂ ਕੁਝ ਨਾ ਕੁਝ ਲੈ ਕੇ ਖਾ ਲੈਣ ਤੋਂ ਬਾਅਦ ਹੀ ਕਾਂ ਹਿਲਦਾ।

ਤੋਤਾ ਰੋਜ਼ਾਨਾ ਕਾਂ ਨੂੰ ਗੱਲਾਂ-ਗੱਲਾਂ ਵਿਚ ਸਮਝਾਉਂਦਾ ਕਿ ਸਾਨੂੰ ਹੱਕ ਦੀ ਰੋਟੀ ਖਾਣੀ ਚਾਹੀਦੀ ਹੈ ਪਰ ਕਾਂ ਮੁਫ਼ਤਖੋਰ ਹੀ ਨਹੀਂ, ਢੀਠ ਵੀ ਸੀ। ਕਾਂ ਦੇ ਕੰਨਾਂ 'ਤੇ ਜੂੰ ਨਾ ਸਰਕਦੀ।

ਤੋਤਾ ਕਈ ਦਿਨ ਵੇਖਦਾ ਰਿਹਾ ਤੇ ਕਈ ਦਿਨਾਂ ਬਾਅਦ ਤੋਤਾ ਕਾਂ ਤੋਂ ਖਹਿੜਾ ਛੁਡਾਉਣ ਦਾ ਕੋਈ ਢੰਗ ਸੋਚਣ ਲੱਗਾ।

"ਮੈਂ ਕੁਝ ਦਿਨਾਂ ਲਈ ਹੋਰਨਾਂ ਜਾਣਕਾਰ ਪੰਛੀਆਂ ਕੋਲ ਚਲਾ ਜਾਂਦਾ ਹਾਂ। ਕਾਂ ਦਾ ਗੇੜਾ ਆਪੇ ਬੰਦ ਹੋ ਜਾਵੇਗਾ।" ਤੋਤੇ ਨੇ ਸੋਚਿਆ ਤੇ ਉਹ ਉਸੇ ਵਕਤ ਕੁਝ ਦੂਰ ਬਾਗ਼ ਵਿਚ ਰਹਿੰਦੇ ਹੋਰ ਪੰਛੀਆਂ ਕੋਲ ਚਲਾ ਗਿਆ।

ਤੋਤਾ ਕਈ ਦਿਨ ਬਾਗ਼ ਵਿਚ ਰਿਹਾ ਤੇ ਕਈ ਦਿਨਾਂ ਬਾਅਦ ਉਹ ਵਾਪਸ ਆਪਣੇ ਆਲ੍ਹਣੇ ਵਿਚ ਆਇਆ। ਤੋਤੇ ਨੂੰ ਪੂਰੀ ਉਮੀਦ ਸੀ ਕਿ ਹੁਣ ਤੱਕ ਕਾਂ ਨੇ ਉਸ ਦੇ ਆਲ੍ਹਣੇ ਵੱਲ ਗੇੜਾ ਮਾਰਨਾ ਛੱਡ ਦਿੱਤਾ ਹੋਵੇਗਾ। ਪਰ ਚਲਾਕ ਕਾਂ ਫਿਰ ਹਾਜ਼ਰ ਸੀ। ਕਾਂ ਨੂੰ ਵੇਖ ਕੇ ਤੋਤਾ ਸਿਰ ਫੜ੍ਹ ਕੇ ਬਹਿ ਗਿਆ। ਤੋਤੇ ਨੂੰ ਸੁਝ ਨਹੀਂ ਸੀ ਰਿਹਾ ਕਿ ਉਹ ਕਾਂ ਤੋਂ ਕਿੰਜ ਖਹਿੜਾ ਛੁਡਾਵੇ।

ਤੋਤਾ ਬੇਹੱਦ ਸਮਝਦਾਰ ਸੀ। ਉਹ ਕਾਂ ਨੂੰ ਚੰਗਾ ਮਾੜਾ ਵੀ ਨਹੀਂ ਬੋਲਣਾ ਚਾਹੁੰਦਾ ਸੀ ਤੇ ਕਾਂ ਤੋਂ ਖਹਿੜਾ ਵੀ ਛੁਡਾਉਣਾ ਚਾਹੁੰਦਾ ਸੀ। ਤੋਤਾ ਕਾਂ ਤੋਂ ਖਹਿੜਾ ਛੁਡਾਉਣ ਦੀ ਕੋਈ ਹੋਰ ਸਕੀਮ ਬਣਾਉਣ ਲੱਗਾ ਤੇ ਕਈ ਦਿਨ ਸੋਚਣ ਤੋਂ ਬਾਅਦ ਤੋਤੇ ਨੇ ਕਾਂ ਤੋਂ ਖਹਿੜਾ ਛੁਡਾਉਣ ਦੀ ਸਕੀਮ ਬਣਾ ਲਈ।

"ਕਾਂ ਭਰਾਵਾ! ਸਾਨੂੰ ਸਾਰੇ ਪੰਛੀਆਂ ਨੂੰ ਤੇਰੀ ਦੂਰ-ਦ੍ਰਿਸ਼ਟੀ 'ਤੇ ਬੜਾ ਮਾਣ ਹੈ। ਦੂਰ-ਦ੍ਰਿਸ਼ਟੀ ਕਾਰਨ ਤੈਨੂੰ ਘਰਾਂ ਵਿਚ ਮਹਿਮਾਨਾਂ ਦੇ ਆਉਣ ਦਾ ਪਹਿਲਾਂ ਪਤਾ ਲੱਗ ਜਾਂਦਾ ਹੈ। ਸਾਨੂੰ ਅਫ਼ਸੋਸ ਹੈ ਕਿ ਮੋਬਾਇਲਾਂ ਨੇ ਘਰਾਂ ਵਿਚ ਤੇਰੀ ਕਦਰ ਘਟਾ ਦਿੱਤੀ ਹੈ ਪਰ ਤੇਰੀ ਦੂਰ-ਦ੍ਰਿਸ਼ਟੀ ਸਾਡੇ ਪੰਛੀਆਂ ਦੇ ਕੰਮ ਆ ਸਕਦੀ ਹੈ। ਤੂੰ ਇਥੇ ਸਾਡੇ ਕੋਲ ਰਹਿ ਕੇ ਸਾਨੂੰ ਸ਼ਿਕਾਰੀਆਂ ਦੇ ਆਉਣ ਦੀ ਸੂਚਨਾ ਦੇਣੀ ਸ਼ੁਰੂ ਕਰ ਦੇ। ਅਸੀਂ ਨੇੜੇ-ਨੇੜੇ ਦੇ ਰੁੱਖਾਂ ਉੱਪਰ ਰਹਿੰਦੇ ਸਾਰੇ ਪੰਛੀ ਵਾਰੀ ਸਿਰ ਤੇਰੇ ਖਾਣ-ਪੀਣ ਦਾ ਪ੍ਰਬੰਧ ਕਰਿਆ ਕਰਾਂਗੇ।" ਅਗਲੇ ਦਿਨ ਤੋਤੇ ਨੇ ਕਾਂ ਨੂੰ ਆਖਿਆ।

"ਠੀਕ ਹੈ ਤੋਤੇ ਭਰਾ! ਮੈਂ ਕੱਲ੍ਹ ਤੋਂ ਇਥੇ ਰਹਿਣ ਲੱਗ ਪਵਾਂਗਾ ਤੇ ਤੁਹਾਨੂੰ ਸ਼ਿਕਾਰੀਆਂ ਦੇ ਆਉਣ ਦੀ ਸੂਚਨਾ ਦੇਣ ਲੱਗ ਪਵਾਂਗਾ।" ਕਾਂ ਨੇ ਤੋਤੇ ਨਾਲ ਵਾਅਦਾ ਤਾਂ ਕਰ ਲਿਆ ਪਰ ਕਾਂ ਦੀ ਕੱਲ੍ਹ ਨਾ ਆਈ। ਕਾਂ ਮੁਫ਼ਤਖੋਰ ਹੀ ਨਹੀਂ, ਕੰਮਚੋਰ ਤੇ ਅਵਾਰਾਗਰਦ ਵੀ ਸੀ। ਉਹ ਨਾ ਟਿਕ ਕੇ ਇਕ ਥਾਂ ਬਹਿਣਾ ਚਾਹੁੰਦਾ ਸੀ ਤੇ ਨਾ ਹੀ ਕੋਈ ਕੰਮ ਹੀ ਕਰਨਾ ਚਾਹੁੰਦਾ ਸੀ। ਇਸ ਕਰਕੇ ਹੁਣ ਕਾਂ ਨੇ ਤੋਤੇ ਕੋਲ ਆਉਣਾ ਛੱਡ ਦਿੱਤਾ ਤੇ ਇਹੋ ਕੁਝ ਤੋਤਾ ਚਾਹੁੰਦਾ ਸੀ।

✪

# ਫੇਸਬੁਕ ਦੀ ਮਿੱਤਰਤਾ

ਜਿਸ ਘਰ ਪਿੰਕੂ ਚੂਹਾ ਰਹਿੰਦਾ ਸੀ, ਉਸ ਘਰ ਦੀ ਇਕ ਨੁੱਕਰ ਵਿਚ ਕੰਪਿਊਟਰ ਪਿਆ ਸੀ। ਘਰ ਦੇ ਜਿਸ ਵੀ ਮੈਂਬਰ ਨੂੰ ਵਿਹਲ ਮਿਲਦੀ, ਉਹ ਕੰਪਿਊਟਰ ਆਨ ਕਰਕੇ ਬਹਿ ਜਾਂਦਾ ਤੇ ਫੇਸਬੁਕ ਰਾਹੀਂ ਆਪਣੇ ਦੋਸਤਾਂ ਮਿੱਤਰਾਂ ਨਾਲ ਚੈਟਿੰਗ ਕਰਨ ਲੱਗ ਪੈਂਦਾ।

ਪਿੰਕੂ ਚੂਹਾ ਵੀ ਬੈੱਡ ਜਾਂ ਹੋਰ ਫਰਨੀਚਰ ਥੱਲੇ ਛੁਪ ਕੇ ਘਰ ਦੇ ਮੈਂਬਰਾਂ ਨੂੰ ਚੈਟਿੰਗ ਕਰਦਿਆਂ ਵੇਖਦਾ ਰਹਿੰਦਾ। ਪਿੰਕੂ ਚੂਹੇ ਦਾ ਵੀ ਫੇਸਬੁਕ ਉੱਪਰ ਚੈਟਿੰਗ ਕਰਨ ਨੂੰ ਦਿਲ ਕਰਦਾ। ਫੇਸਬੁਕ ਉੱਪਰ ਘਰ ਦੇ ਸਾਰੇ ਮੈਂਬਰਾਂ ਦੇ ਅਲੱਗ-ਅਲੱਗ ਮਿੱਤਰ ਸਨ। ਪਿੰਕੂ ਚੂਹੇ ਦਾ ਵੀ ਫੇਸਬੁਕ ਉੱਪਰ ਮਿੱਤਰ ਬਣਾਉਣ ਨੂੰ ਦਿਲ ਕਰਦਾ।

ਪਿੰਕੂ ਚੂਹਾ ਕਈ ਦਿਨ ਵੇਖਦਾ ਰਿਹਾ। ਇਕ ਦਿਨ ਘਰ ਦੇ ਸਾਰੇ ਮੈਂਬਰ ਕਿਧਰੇ ਬਾਹਰ ਗਏ ਹੋਏ ਸਨ। ਪਿੰਕੂ ਚੂਹੇ ਨੇ ਵੀ ਚੁਪਕੇ ਜਿਹੇ ਕੰਪਿਊਟਰ ਆਨ ਕੀਤਾ ਤੇ ਉਹ ਫੇਸਬੁਕ ਉੱਪਰ ਆਪਣਾ ਅਕਾਊਂਟ ਬਣਾਉਣ ਲੱਗ ਪਿਆ।

ਪਿੰਕੂ ਚੂਹੇ ਨੇ ਫਟਾਫਟ ਫੇਸਬੁਕ ਉੱਪਰ ਅਕਾਊਂਟ ਬਣਾਇਆ ਤੇ ਆਪਣੇ ਕੁਝ ਜਾਣਕਾਰ ਚੂਹਿਆਂ ਨੂੰ ਸਰਚ ਕਰਕੇ ਮਿੱਤਰਤਾ ਲਈ ਰਿਕਵੈਸਟ ਭੇਜ ਦਿੱਤੀ।

ਹੁਣ ਜਦੋਂ ਵੀ ਪਿੰਕੂ ਚੂਹੇ ਨੂੰ ਮੌਕਾ ਮਿਲਦਾ, ਉਹ ਕੰਪਿਊਟਰ ਚਲਾ ਕੇ ਤੇ ਫੇਸਬੁਕ ਖੋਲ੍ਹ ਕੇ ਬਹਿ ਜਾਂਦਾ। ਪਿੰਕੂ ਚੂਹਾ ਆਪਣੇ ਪੁਰਾਣੇ ਮਿੱਤਰਾਂ ਨਾਲ ਚੈਟਿੰਗ ਕਰਦਾ ਰਹਿੰਦਾ ਤੇ ਨਵੇਂ ਮਿੱਤਰਾਂ ਨੂੰ ਸਰਚ ਕਰਦਾ ਰਹਿੰਦਾ।

ਫੇਸਬੁਕ ਨਾਲ ਜੁੜ ਕੇ ਪਿੰਕੂ ਚੂਹਾ ਬੇਹੱਦ ਖੁਸ਼ ਸੀ। ਫੇਸਬੁਕ ਤੋਂ ਉਸ ਨੂੰ ਨਿੱਤ ਨਵੀਂ ਜਾਣਕਾਰੀ ਮਿਲਦੀ ਸੀ ਤੇ ਉਸਦੀ ਜਾਣ-ਪਛਾਣ ਦਾ ਘੇਰਾ ਵਧ ਗਿਆ।

ਫੇਸਬੁਕ ਉੱਪਰ ਪਿੰਕੂ ਚੂਹੇ ਦੇ ਅਨੇਕਾਂ ਮਿੱਤਰ ਬਣ ਗਏ ਸਨ ਪਰ ਅਜੇ ਵੀ ਉਹ ਹੋਰ ਮਿੱਤਰ ਬਣਾਉਣਾ ਚਾਹੁੰਦਾ ਸੀ। ਪਿੰਕੂ ਚੂਹਾ ਚਾਹੁੰਦਾ ਸੀ ਕਿ ਫੇਸਬੁਕ ਉੱਪਰ ਉਸਦੇ ਵੱਧ ਤੋਂ ਵੱਧ ਮਿੱਤਰ ਹੋਣ। ਫੇਸਬੁਕ ਉੱਪਰ ਵੱਧ ਤੋਂ ਵੱਧ ਮਿੱਤਰ ਬਣਾਉਣ ਦੇ ਇਰਾਦੇ ਨਾਲ ਪਿੰਕੂ ਚੂਹੇ ਨੇ ਬਿਨਾਂ ਜਾਣ-ਪਛਾਣ ਦੇ ਚੂਹਿਆਂ ਨੂੰ ਵੀ ਮਿੱਤਰਤਾ ਲਈ ਰਿਕਵੈਸਟ ਭੇਜ ਦਿੱਤੀ ਸੀ ਤੇ ਕੁਝ ਓਬੜਾਂ ਦੀ ਰਿਕਵੈਸਟ ਨੂੰ ਕਨਫਰਮ ਕਰ

ਲਿਆ ਸੀ। ਇਸ ਤਰ੍ਹਾਂ ਪਿੰਕੂ ਚੂਹੇ ਨੇ ਕਿੰਨੇ ਹੀ ਓਬੜਾਂ ਤੇ ਬਿਨਾਂ ਜਾਣ-ਪਛਾਣ ਦੇ ਚੂਹਿਆਂ ਨੂੰ ਵੀ ਮਿੱਤਰ ਬਣਾ ਲਿਆ ਸੀ।

ਪਿੰਕੂ ਚੂਹੇ ਨੇ ਜਿਨ੍ਹਾਂ ਓਬੜਾਂ ਨੂੰ ਮਿੱਤਰ ਬਣਾਇਆ ਸੀ, ਉਨ੍ਹਾਂ ਵਿਚ ਇਕ ਚਿੰਕੂ ਨਾਂ ਦਾ ਚੂਹਾ ਵੀ ਸੀ। ਚਿੰਕੂ ਚੂਹਾ ਦਿਨਾਂ ਵਿਚ ਹੀ ਪਿੰਕੂ ਚੂਹੇ ਨਾਲ ਘੁਲਮਿਲ ਗਿਆ। ਹੁਣ ਪਿੰਕੂ ਚੂਹਾ ਸਭ ਤੋਂ ਵੱਧ ਚੈਟਿੰਗ ਚਿੰਕੂ ਚੂਹੇ ਨਾਲ ਕਰਦਾ।

ਫੇਸਬੁਕ ਉੱਪਰ ਅਪਲੋਡ ਜਾਣਕਾਰੀ ਅਨੁਸਾਰ ਚਿੰਕੂ ਚੂਹਾ ਵੀ ਪਿੰਕੂ ਚੂਹੇ ਕੋਲ ਹੀ ਸ਼ਹਿਰ ਵਿਚ ਰਹਿੰਦਾ ਸੀ ਤੇ ਇਕ ਦਿਨ ਚੈਟਿੰਗ ਕਰਦਿਆਂ-ਕਰਦਿਆਂ ਚਿੰਕੂ ਚੂਹੇ ਨੇ ਪਿੰਕੂ ਚੂਹੇ ਨੂੰ ਸ਼ਹਿਰ ਆਕੇ ਮਿਲਣ ਲਈ ਆਖਿਆ। ਪਿੰਕੂ ਚੂਹੇ ਨੇ ਉਸੇ ਵਕਤ ਸ਼ਹਿਰ ਜਾਕੇ ਚਿੰਕੂ ਚੂਹੇ ਨੂੰ ਮਿਲਣ ਲਈ ਹਾਮੀ ਭਰ ਲਈ।



ਚਿੰਕੂ ਚੂਹੇ ਨੇ ਪਿੰਕੂ ਚੂਹੇ ਨੂੰ ਮਿਲਣ ਲਈ ਸ਼ਹਿਰ ਵਿਚ ਗੋਮੂ ਹਲਵਾਈ ਦੀ ਦੁਕਾਨ ਨਿਸ਼ਚਿਤ ਕਰ ਲਈ ਸੀ।

"ਪਿੰਕੂ ਭਰਾ! ਆਪਾਂ ਕੱਲ੍ਹ ਸਵੇਰ-ਸਵੇਰ ਗੋਮੂ ਹਲਵਾਈ ਦੀ ਦੁਕਾਨ ਦੇ ਪਿੱਛੇ ਸਟੋਰ ਵਿਚ ਬਹਿ ਕੇ ਗਪ-ਸ਼ਪ ਕਰਾਂਗੇ ਤੇ ਕੁਝ ਖਾ-ਪੀ ਵੀ ਲਵਾਂਗੇ।" ਚਿੰਕੂ ਚੂਹੇ ਨੇ ਫੇਸਬੁਕ ਰਾਹੀਂ ਆਖਿਆ ਸੀ।

ਫਿਰ ਅਗਲੇ ਦਿਨ ਸਵੇਰ-ਸਵੇਰ ਪਿੰਕੂ ਚੂਹਾ ਪੁੱਛ-ਪੁਛਾ ਕੇ ਸ਼ਹਿਰ ਗੋਮੂ ਹਲਵਾਈ ਦੀ ਦੁਕਾਨ 'ਤੇ ਪਹੁੰਚ ਗਿਆ। ਉਹ ਗੋਮੂ ਹਲਵਾਈ ਤੋਂ ਚੋਰੀ ਸਟੋਰ ਵਿਚ ਵੜ ਗਿਆ ਤੇ ਮਿਠਾਈ ਵਾਲੇ ਡੱਬਿਆਂ ਪਿੱਛੇ ਛੁਪ ਕੇ ਚਿੰਕੂ ਚੂਹੇ ਦੀ ਉਡੀਕ ਕਰਨ ਲੱਗਾ।

ਥੋੜ੍ਹੀ ਦੇਰ ਬਾਅਦ ਪਿੰਕੂ ਚੂਹੇ ਨੂੰ ਗੋਮੂ ਹਲਵਾਈ ਦੇ ਸਟੋਰ ਵੱਲ ਚਿੰਕੂ ਚੂਹੇ ਦੀ ਥਾਂ ਇਕ ਬਿੱਲੀ ਤੁਰੀ ਆਉਂਦੀ ਵਿਖਾਈ ਦਿੱਤੀ। ਪਿੰਕੂ ਚੂਹੇ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਫੇਸਬੁਕ ਉੱਪਰ ਚਿੰਕੂ ਬਿੱਲੀ ਚਲਾਕੀ ਨਾਲ ਚੂਹਾ ਬਣ ਕੇ ਉਸ ਨਾਲ ਚੈਟਿੰਗ ਕਰਦੀ ਰਹੀ ਹੈ ਤੇ ਮਿਲਣ ਦੇ ਬਹਾਨੇ ਨਾਲ ਉਸਨੂੰ ਖਾਣ ਆ ਰਹੀ ਹੈ।

ਹੁਣ ਪਿੰਕੂ ਚੂਹੇ ਨੂੰ ਆਪਣੀ ਜਾਨ ਦੇ ਲਾਲੇ ਪੈ ਗਏ। ਚਿੰਕੂ ਬਿੱਲੀ ਤੋਂ ਡਰਦਾ ਮਾਰਾ ਪਿੰਕੂ ਚੂਹਾ, ਗੋਮੂ ਹਲਵਾਈ ਦੇ ਇਕ ਖਾਲੀ ਮਿਠਾਈ ਵਾਲੇ ਡੱਬੇ ਵਿਚ ਵੜ ਗਿਆ।

ਚਿੰਕੂ ਬਿੱਲੀ ਕਿੰਨੀ ਦੇਰ ਪਿੰਕੂ ਚੂਹੇ ਨੂੰ ਸਟੋਰ ਵਿਚ ਇਧਰ-ਉਧਰ ਲੱਭਦੀ ਰਹੀ। ਜਦੋਂ ਪਿੰਕੂ ਚੂਹਾ ਉਸਨੂੰ ਕਿਧਰੇ ਨਾ ਮਿਲਿਆ ਤਾਂ ਉਹ ਵਾਪਿਸ ਚਲੀ ਗਈ।


ਚਿੰਕੂ ਬਿੱਲੀ ਦੇ ਜਾਣ ਤੋਂ ਬਾਅਦ ਪਿੰਕੂ ਚੂਹਾ ਚੁਪਕੇ ਜਿਹੇ ਮਿਠਾਈ ਵਾਲੇ ਡੱਬੇ 'ਚੋਂ ਬਾਹਰ ਨਿਕਲਿਆ ਤੇ ਵਾਪਸ ਆਪਣੇ ਘਰ ਨੂੰ ਤੁਰ ਪਿਆ। ਹੁਣ ਵਾਪਸ ਘਰ ਨੂੰ ਤੁਰੇ ਆਉਂਦੇ ਪਿੰਕੂ ਚੂਹੇ ਨੇ ਸੋਚ ਲਿਆ ਕਿ ਅੱਗੇ ਤੋਂ ਉਹ ਫੇਸਬੁਕ ਉੱਪਰ ਬਿਨਾਂ ਸੋਚੇ-ਸਮਝੇ ਕਿਸੇ ਨੂੰ ਮਿੱਤਰ ਨਹੀਂ ਬਣਾਵੇਗਾ ਤੇ ਓਬੜਾਂ ਨੂੰ ਮਿੱਤਰ ਬਣਾਉਣ ਤੋਂ ਪ੍ਰਹੇਜ਼ ਕਰੇਗਾ।


✪

# ਨਿੱਕੀ ਚਿੜੀ ਦੀ ਸਿਆਣਪ

ਜਿੱਥੇ ਦਰੱਖਤ ਉੱਪਰ ਨਿੱਕੀ ਚਿੜੀ ਰਹਿੰਦੀ ਸੀ, ਉਥੇ ਹੇਠਾਂ ਛੱਪੜ ਵਿੱਚ ਇਕ ਮੱਛੀ ਵੀ ਰਹਿੰਦੀ ਸੀ।

ਛੱਪੜ ਵਿੱਚ ਰਹਿਣ ਵਾਲੀ ਮੱਛੀ ਬੇਹੱਦ ਦੁਖੀ ਸੀ। ਛੱਪੜ 'ਤੇ ਪਾਣੀ ਪੀਣ ਆਉਣ ਵਾਲੇ ਸਾਰੇ ਜਾਨਵਰ ਪੋਲੀਥੀਨ ਤੇ ਬਚੀਆਂ-ਖੁਚੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਛੱਪੜ ਵਿਚ ਸੁੱਟਦੇ ਰਹਿੰਦੇ ਸਨ। ਛੱਪੜ 'ਤੇ ਪਾਣੀ ਪੀਣ ਆਉਣ ਵਾਲੇ ਸਾਰੇ ਜਾਨਵਰ ਪਿਸ਼ਾਬ ਵੀ ਛੱਪੜ ਵਿਚ ਕਰਦੇ ਸਨ। ਜਾਨਵਰਾਂ ਦੀਆਂ ਇਨ੍ਹਾਂ ਹਰਕਤਾਂ ਤੋਂ ਛੱਪੜ ਵਿਚ ਰਹਿਣ ਵਾਲੀ ਮੱਛੀ ਬੇਹੱਦ ਦੁਖੀ ਸੀ। ਮੱਛੀ ਲਈ ਛੱਪੜ ਦੇ ਸੜਿਆਂਦ ਮਾਰਦੇ ਪਾਣੀ ਵਿਚ ਰਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ।





ਜਾਨਵਰ ਛੱਪੜ ਉੱਪਰ ਪਾਣੀ ਪੀਣ ਲਈ ਸਾਰਾ ਦਿਨ ਆਉਂਦੇ ਰਹਿੰਦੇ ਸਨ। ਮੱਛੀ ਇਕੱਲੇ-ਇਕੱਲੇ ਜਾਨਵਰ ਨੂੰ ਪਾਣੀ ਨੂੰ ਗੰਦਾ ਨਾ ਕਰਨ ਦੀ ਤਾਕੀਦ ਕਰਦੀ ਪਰ ਮੱਛੀ ਦੀ ਗੱਲ ਕੋਈ ਵੀ ਜਾਨਵਰ ਨਹੀਂ ਸੁਣਦਾ ਸੀ। ਸਾਰੇ ਜਾਨਵਰ ਇਕ ਦੂਸਰੇ ਸਿਰ ਦੋਸ਼ ਮੜ੍ਹਦੇ ਰਹਿੰਦੇ ਸਨ ਤੇ ਮੱਛੀ ਪਾਣੀ ਵਿਚੋਂ ਬਾਹਰ ਆ ਕੇ ਜੰਗਲ

ਦੇ ਜਾਨਵਰਾਂ ਉਪਰ ਨਿਗਰਾਨੀ ਨਹੀਂ ਰੱਖ ਸਕਦੀ ਸੀ। ਕਿਉਂਕਿ ਪਾਣੀ ਤੋਂ ਬਾਹਰ ਆ ਕੇ ਉਸ ਲਈ ਬਚਣਾ ਮੁਸ਼ਕਲ ਸੀ।

ਦਰੱਖਤ ਉੱਪਰ ਰਹਿੰਦੀ ਨਿੱਕੀ ਚਿੜੀ ਕਈ ਦਿਨ ਵੇਖਦੀ ਰਹੀ। ਨਿੱਕੀ ਚਿੜੀ ਨੂੰ ਮੱਛੀ ਉਪਰ ਬੇਹੱਦ ਤਰਸ ਆਉਂਦਾ। ਨਿੱਕੀ ਚਿੜੀ ਬਹੁਤ ਦੂਰ-ਅੰਦੇਸ਼ੀ ਸੀ। ਨਿੱਕੀ ਚਿੜੀ ਜਾਣਦੀ ਸੀ ਕਿ ਛੱਪੜ ਦਾ ਦਿਨੋ-ਦਿਨ ਗੰਦਾ ਹੁੰਦਾ ਜਾਂਦਾ ਪਾਣੀ ਮੱਛੀ ਦੇ ਨਾਲ-ਨਾਲ ਕੱਲ੍ਹ ਨੂੰ ਜੰਗਲ ਦੇ ਬਾਕੀ ਜਾਨਵਰਾਂ ਲਈ ਵੀ ਮੁਸੀਬਤ ਖੜ੍ਹੀ ਕਰੇਗਾ। ਗੰਦਾ ਪਾਣੀ ਪੀਣ ਨਾਲ ਹੌਲੀ-ਹੌਲੀ ਜੰਗਲ ਦੇ ਸਾਰੇ ਜਾਨਵਰ ਬਿਮਾਰ ਪੈ ਜਾਣਗੇ।

ਨਿੱਕੀ ਚਿੜੀ ਭਾਵੇਂ ਨਿੱਕੀ ਜਿਹੀ ਸੀ ਪਰ ਉਸਦਾ ਦਿਮਾਗ ਨਿੱਕਾ ਨਹੀਂ ਸੀ। ਨਿੱਕੀ ਚਿੜੀ ਜਾਣਦੀ ਸੀ ਕਿ ਵਿਗਿਆਨ ਦੇ ਇਸ ਯੁਗ ਵਿਚ ਜਿਸਮਾਨੀ ਤਾਕਤ ਦੀ ਨਹੀਂ, ਦਿਮਾਗੀ ਤਾਕਤ ਦੀ ਜ਼ਰੂਰਤ ਹੈ। ਨਿੱਕੀ ਚਿੜੀ ਛੱਪੜ ਦੇ ਪਾਣੀ ਨੂੰ ਗੰਦੇ ਹੋਣ ਤੋਂ ਬਚਾਉਣ ਦੀ ਕੋਈ ਸਕੀਮ ਬਣਾਉਣ ਲੱਗੀ। ਨਿੱਕੀ ਚਿੜੀ ਕਈ ਦਿਨ ਸੋਚਦੀ ਰਹੀ ਤੇ ਕਈ ਦਿਨ ਸੋਚਣ ਤੋਂ ਬਾਅਦ ਉਸਨੇ ਪਾਣੀ ਨੂੰ ਗੰਦੇ ਹੋਣ ਤੋਂ ਬਚਾਉਣ ਦੀ ਸਕੀਮ ਬਣਾ ਲਈ।

ਹੁਣ ਨਿੱਕੀ ਚਿੜੀ ਸਵੇਰ-ਸ਼ਾਮ ਛੱਪੜ ਦੇ ਆਸੇ-ਪਾਸੇ ਕਿਸੇ ਨਾ ਕਿਸੇ ਦਰੱਖਤ ’ਤੇ ਬਹਿ ਕੇ ਗਾਉਣ ਲੱਗ ਪੈਂਦੀ :-

ਜਲ ਹੈ ਤਾਂ ਕੱਲ੍ਹ ਹੈ
ਜਲ ਬਚਾਉਣਾ ਹੈ
ਧਰਤ ਨੂੰ ਸਵਰਗ ਬਣਾਉਣਾ ਹੈ
ਜਲ ਨੂੰ ਮੈਲ਼ਾ ਨਾ ਕਰਿਓ
ਜਲ ਨੇ ਹੀ ਮੈਲ਼ ਨੂੰ ਧੋਣਾ ਹੈ।

ਨਿੱਕੀ ਚਿੜੀ ਨੂੰ ਗਾਉਂਦਿਆਂ ਵੇਖ ਕੇ ਕੁਝ ਹੋਰ ਚਿੜੀਆਂ ਵੀ ਸਾਥ ਦੇਣ ਲੱਗ ਪੈਂਦੀਆਂ ਸਨ। ਨਿੱਕੀ ਚਿੜੀ ਦੀ ਰੀਸੇ ਕੁਝ ਹੋਰ ਚਿੜੀਆਂ ਨੇ ਵੀ ਗੀਤ ਬਣਾ ਲਏ ਸਨ।

ਹੁਣ ਨਿੱਕੀ ਚਿੜੀ ਦੇ ਨਾਲ ਹੋਰ ਚਿੜੀਆਂ ਵੀ ਜੰਗਲ ਦੇ ਜਾਨਵਰਾਂ ਨੂੰ ਪਾਣੀ ਬਚਾਉਣ ਦੀ ਪ੍ਰੇਰਨਾ ਦਿੰਦੀਆਂ। ਚਿੜੀਆਂ ਦਰੱਖਤਾਂ ਦੇ ਉੱਪਰ ਬਹਿ ਕੇ ਛੱਪੜ ਦੇ


ਪਾਣੀ ਨੂੰ ਗੰਦਾ ਕਰਨ ਵਾਲੇ ਜਾਨਵਰਾਂ ਉੱਪਰ ਨਿਗ੍ਹਾ ਵੀ ਰੱਖਦੀਆਂ ਸਨ। ਚਿੜੀਆਂ ਛੱਪੜ ਦੇ ਪਾਣੀ ਨੂੰ ਗੰਦਾ ਕਰਨ ਵਾਲੇ ਜਾਨਵਰਾਂ ਨੂੰ ਠਿੱਠ ਵੀ ਕਰਦੀਆਂ ਸਨ ਤੇ ਚਿੜੀਆਂ ਦੇ ਇਹ ਵਿਅੰਗ-ਬਾਣ ਅੜੀਅਲ ਜਾਨਵਰਾਂ ਨੂੰ ਬੇਹੱਦ ਭੈੜੇ ਲਗਦੇ। ਜਾਨਵਰਾਂ ਨੂੰ ਚਿੜੀਆਂ ਉੱਪਰ ਗੁੱਸਾ ਆਉਂਦਾ ਪਰ ਜਾਨਵਰ, ਚਿੜੀਆਂ ਦਾ ਕੁਝ ਨਹੀਂ ਵਿਗਾੜ ਸਕਦੇ ਸਨ। ਚਿੜੀਆਂ ਆਪਣਾ ਕੰਮ ਕਰਕੇ ਉਡਾਰੀ ਮਾਰ ਜਾਂਦੀਆਂ ਤੇ ਛੱਪੜ ਦੇ ਦੂਸਰੇ ਪਾਸੇ ਜਾਕੇ ਗਾਉਣ ਲੱਗ ਪੈਂਦੀਆਂ ਸਨ।

ਨਿੱਕੀ ਚਿੜੀ ਦੀ ਸਿਆਣਪ ਤੇ ਪਹਿਲਕਦਮੀ ਹੌਲੀ-ਹੌਲੀ ਰੰਗ ਵਿਖਾਉਣ ਲੱਗ ਪਈ ਸੀ। ਪਾਣੀ ਨੂੰ ਸਾਫ਼ ਰੱਖਣ ਲਈ ਗੀਤ ਗਾਉਣ ਵਾਲੀਆਂ ਤੇ ਜਾਨਵਰਾਂ ਨੂੰ ਠਿੱਠ ਕਰਨ ਵਾਲੀਆਂ ਚਿੜੀਆਂ ਦੀ ਗਿਣਤੀ ਹੌਲੀ-ਹੌਲੀ ਵਧਦੀ ਜਾ ਰਹੀ ਸੀ। ਚਿੜੀਆਂ ਨਾਲ ਹੋਰ ਵੀ ਪੰਛੀ ਜੁੜਦੇ ਜਾ ਰਹੇ ਸਨ। ਚਿੜੀਆਂ ਨਾਲ ਇਕ ਕੋਇਲ ਤੇ ਇਕ ਮੋਰ ਵੀ ਜੁੜ ਗਿਆ ਸੀ। ਹੁਣ ਚਿੜੀਆਂ ਨਾਲ ਕੋਇਲ ਵੀ ਆਪਣੀ ਸੁਰੀਲੀ ਆਵਾਜ਼ ਵਿਚ ਗਾਉਂਦੀ ਸੀ ਤੇ ਮੋਰ ਇਸ ਗਾਉਣ ਦੇ ਨਾਲ-ਨਾਲ ਨਾਚ ਕਰਦਾ ਸੀ। ਹੁਣ ਹੌਲੀ-ਹੌਲੀ ਛੱਪੜ ਦਾ ਪਾਣੀ ਸਾਫ਼ ਹੁੰਦਾ ਜਾ ਰਿਹਾ ਸੀ। ਮੱਛੀ ਬੇਹੱਦ ਖੁਸ਼ ਸੀ।

✪

# ਕਿੱਟੂ ਕਾਂ

ਜਿਸ ਦਰੱਖਤ ਉਪਰ ਕਿੱਟੂ ਕਾਂ ਰਹਿੰਦਾ ਸੀ, ਉਸੇ ਦਰੱਖਤ ਦੇ ਹੇਠਾਂ ਇਕ ਕੁੱਤਾ ਵੀ ਘੁਰਨੇ ਵਿਚ ਰਹਿੰਦਾ ਸੀ। ਕਿੱਟੂ ਕਾਂ ਤੇ ਕੁੱਤਾ ਭਾਵੇਂ ਇੱਕੋ ਥਾਂ 'ਤੇ ਰਹਿੰਦੇ ਸਨ, ਪਰ ਉਹ ਦੋਵੇਂ ਰੋਜ਼ਾਨਾ ਰਾਤ ਨੂੰ ਹੀ ਇਕੱਠੇ ਹੁੰਦੇ ਸਨ। ਦਿਨ ਵਿਚ ਕਿੱਟੂ ਕਾਂ ਨਾਲ ਦੇ ਪਿੰਡ ਵਿਚ ਚਲਾ ਜਾਂਦਾ ਸੀ। ਕਿੱਟੂ ਕਾਂ ਸਾਰਾ ਦਿਨ ਪਿੰਡ ਭਉਂਦਾ ਰਹਿੰਦਾ ਸੀ ਤੇ ਕਾਂ ਕਾਂ ਕਰਕੇ ਪਿੰਡ ਦੇ ਲੋਕਾਂ ਨੂੰ ਮਹਿਮਾਨਾਂ ਦੇ ਆਉਣ ਦੀ ਖ਼ਬਰ ਦਿੰਦਾ ਰਹਿੰਦਾ ਸੀ। ਮਹਿਮਾਨਾਂ ਦੇ ਆਉਣ ਦੀ ਸ਼ੁਭ ਖ਼ਬਰ ਦੇਣ ਬਦਲੇ ਪਿੰਡ ਦੇ ਲੋਕ ਕਿੱਟੂ ਕਾਂ ਨੂੰ ਕੁਝ ਨਾ ਕੁਝ ਖਾਣ-ਪੀਣ ਨੂੰ ਦਿੰਦੇ ਰਹਿੰਦੇ ਸਨ। ਇਸ ਤਰ੍ਹਾਂ ਕਿੱਟੂ ਕਾਂ ਰੋਜ਼ਾਨਾ ਮਿਹਨਤ ਨਾਲ ਆਪਣਾ ਢਿੱਡ ਭਰਦਾ ਸੀ ਤੇ ਕੁੱਤਾ ਨਾਲ ਦੇ ਪਿੰਡ ਵਿਚ ਜਾਣ ਦੀ ਥਾਂ ਰੋਜ਼ਾਨਾ ਸ਼ਹਿਰ ਚਲਾ ਜਾਂਦਾ ਸੀ। ਕੁੱਤਾ ਸ਼ਹਿਰੋਂ ਵੰਨ-ਸੁਵੰਨਾ ਖਾਂਦਾ ਪੀਂਦਾ ਸੀ।



ਕੁੱਤਾ ਸ਼ਹਿਰੋਂ ਰੋਜ਼ਾਨਾ ਹਨੇਰਾ ਹੋਣ ਤੋਂ ਬਾਅਦ ਆਪਣੇ ਘੁਰਨੇ ਵਿਚ ਆਉਂਦਾ ਸੀ। ਰੋਜ਼ਾਨਾ ਰਾਤ ਨੂੰ ਆਪਣੇ ਘੁਰਨੇ ਵਿਚ ਆਣ ਕੇ ਕੁੱਤਾ, ਕਿੱਟੂ ਕਾਂ ਨੂੰ ਸ਼ਹਿਰੋਂ

ਵੰਨ-ਸੁਵੰਨਾ ਖਾਣ ਤੇ ਸ਼ਹਿਰੀ ਚਕਾਚੌਂਧ ਦੇ ਕਿੱਸੇ ਸੁਣਾਉਣ ਲੱਗ ਪੈਂਦਾ। ਕੁੱਤਾ ਕਿੱਟੂ ਕਾਂ ਨੂੰ ਵੀ ਰੋਜ਼ਾਨਾ ਸ਼ਹਿਰ ਜਾ ਕੇ ਵੰਨ-ਸੁਵੰਨਾ ਖਾਣ ਲਈ ਆਖਦਾ।

"ਕਿੱਟੂ! ਮੈਂ ਸ਼ਹਿਰ ਵਿਚ ਇਕ ਹੋਟਲ 'ਤੇ ਸਕਿਉਰਟੀ ਗਾਰਡ ਦੀਂ ਨੌਕਰੀ ਕਰਦਾ ਹਾਂ। ਸਕਿਉਰਟੀ ਗਾਰਡ ਦਾ ਕੰਮ ਕਰਨ ਕਰਕੇ ਮੈਨੂੰ ਹੋਟਲ ਤੋਂ ਵੰਨ-ਸੁਵੰਨਾ ਖਾਣ ਨੂੰ ਮਿਲ ਜਾਂਦਾ। ਤੂੰ ਵੀ ਮੇਰੇ ਨਾਲ ਸ਼ਹਿਰ ਚੱਲਿਆ ਕਰ। ਇਥੇ ਸਾਰਾ ਦਿਨ ਪਿੰਡ ਵਿਚ ਚਉਂ-ਚਉਂ ਕੇ ਤੇਰੀ ਕਮਰ ਟੁੱਟ ਜਾਂਦੀ ਹੈ। ਸ਼ਹਿਰ ਤੈਨੂੰ ਮੈਂ ਕਿਸੇ ਦੁਕਾਨ 'ਤੇ ਗਾਹਕਾਂ ਦੇ ਆਉਣ ਦੀ ਸੂਚਨਾ ਦੇਣ ਦਾ ਕੰਮ ਦਿਵਾ ਦੇਵਾਂਗਾ। ਆਰਾਮ ਨਾਲ ਇਕ ਥਾਂ 'ਤੇ ਬੈਠਿਆ ਕਰੀਂ ਤੇ ਵੰਨ-ਸੁਵੰਨਾ ਖਾਇਆ ਕਰੀਂ।" ਕੁੱਤਾ, ਕਿੱਟੂ ਕਾਂ ਨੂੰ ਰੋਜ਼ਾਨਾ ਆਖਦਾ।

ਜਿਥੇ ਕਿੱਟੂ ਕਾਂ ਰਹਿੰਦਾ ਸੀ, ਉਥੇ ਨਜ਼ਦੀਕ ਹੀ ਇਕ ਕਬੂਤਰ ਵੀ ਰਹਿੰਦਾ ਸੀ। ਕਬੂਤਰ, ਕੁੱਤੇ ਦੀਆਂ ਬਦੀਆਂ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ। ਕਬੂਤਰ, ਕਿੱਟੂ ਕਾਂ ਨੂੰ ਕੁੱਤੇ ਨਾਲ ਸ਼ਹਿਰ ਨਾ ਜਾਣ ਲਈ ਆਖਦਾ ਤੇ ਕਿੱਟੂ ਕਾਂ ਨੂੰ ਕੁੱਤੇ ਦੀਆਂ ਗੱਲਾਂ ਵਿਚ ਨਾ ਆਉਣ ਦੀ ਸਲਾਹ ਦਿੰਦਾ ਰਹਿੰਦਾ।

"ਕਿੱਟੂ ਭਰਾਵਾ! ਕੁੱਤਾ ਸ਼ਹਿਰ ਵਿਚ ਸਕਿਉਰਟੀ ਗਾਰਡ ਵਰਗਾ ਕੋਈ ਕੰਮ ਨਹੀਂ ਕਰਦਾ। ਇਹ ਬੇਹੱਦ ਨਿਕੰਮਾ ਅਤੇ ਅਵਾਰਾ-ਗਰਦ ਹੈ। ਇਹ ਹੋਰ ਅਵਾਰਾ ਕੁੱਤਿਆਂ ਨਾਲ ਮਿਲ ਕੇ ਚੋਰੀਆਂ ਕਰਦਾ ਤੇ ਸ਼ਹਿਰ ਵਿਚ ਤੇਰੇ ਲਈ ਕੋਈ ਮੁਸੀਬਤ ਖੜ੍ਹੀ ਕਰਕੇ ਆਪ ਖਿਸਕ ਜਾਵੇਗਾ।" ਕਬੂਤਰ ਆਖਦਾ।

ਭਾਵੇਂ ਕਬੂਤਰ ਨੇ ਕਿੱਟੂ ਕਾਂ ਨੂੰ ਸਮਝਾਇਆ ਸੀ, ਫਿਰ ਵੀ ਉਹ ਨਿਕੰਮੇ ਕੁੱਤੇ ਦੀਆਂ ਗੱਲਾਂ ਵਿਚ ਆ ਗਿਆ ਸੀ ਤੇ ਕੁੱਤੇ ਨਾਲ ਸ਼ਹਿਰ ਪਹੁੰਚ ਗਿਆ।

ਕਿੱਟੂ ਕਾਂ ਨੂੰ ਸ਼ਹਿਰ ਜਾਕੇ ਪਤਾ ਲੱਗਾ ਕਿ ਕਬੂਤਰ ਠੀਕ ਹੀ ਆਖਦਾ ਸੀ। ਕੁੱਤਾ, ਕਿਸੇ ਵੀ ਹੋਟਲ ਉੱਪਰ ਸਕਿਉਰਟੀ ਦਾ ਕੰਮ ਕਰਨ ਨਾ ਗਿਆ। ਤਿੰਨ-ਚਾਰ ਹੋਰ ਅਵਾਰਾ ਕੁੱਤਿਆਂ ਨਾਲ ਰਲ ਕੇ ਉਹ ਵੱਖ-ਵੱਖ ਹੋਟਲਾਂ-ਢਾਬਿਆਂ 'ਤੇ ਘੁੰਮਣ ਲੱਗ ਪਿਆ। ਕੁੱਤਾ, ਚਲਾਕੀ ਨਾਲ ਢਾਬਿਆਂ ਤੋਂ ਖਾਣ-ਪੀਣ ਵਾਲੀਆਂ ਚੀਜ਼ਾਂ ਚੁਰਾਉਣ ਲੱਗ ਪਿਆ। ਉਸਨੇ ਕਿੱਟੂ ਕਾਂ ਨੂੰ ਵੀ ਖਾਣ-ਪੀਣ ਲਈ ਚੀਜ਼ਾਂ ਚੁਰਾ ਕੇ ਹੀ ਦਿੱਤੀਆਂ।

ਫਿਰ ਸ਼ਾਮ ਨੂੰ ਸਾਰੇ ਕੁੱਤੇ, ਕਿੱਟੂ ਕਾਂ ਨੂੰ ਲੈ ਕੇ ਸ਼ਰਾਬ ਦੇ ਠੇਕੇ 'ਤੇ ਪਹੁੰਚ ਗਏ। ਠੇਕੇ ਤੋਂ ਉਨ੍ਹਾਂ ਕਿੱਟੂ ਕਾਂ ਨੂੰ ਜਬਰਦਸਤੀ ਗਲਾਸੀਆਂ ਵਿਚਲੀ ਬਚੀ-ਖੁਚੀ ਸ਼ਰਾਬ ਪਿਲਾਈ।

ਠੇਕੇ ਦੇ ਨਾਲ ਹੀ ਅਹਾਤਾ ਸੀ। ਅਹਾਤੇ ਵਿਚ ਬਹਿ ਕੇ ਲੋਕ ਸ਼ਰਾਬ ਪੀਂਦੇ ਤੇ ਕਬਾਬ ਖਾਂਦੇ ਸਨ। ਕੁੱਤਿਆਂ ਨੇ ਅਹਾਤੇ ਵਿਚੋਂ ਕਬਾਬ ਵੀ ਚੁਰਾਇਆ ਤੇ ਕਿੱਟੂ ਕਾਂ ਨੂੰ ਖਾਣ ਲਈ ਦਿੱਤਾ।

ਕਿੱਟੂ ਕਾਂ ਨੇ ਅੱਜ ਤਾਈਂ ਕਦੇ ਸ਼ਰਾਬ ਨਹੀਂ ਪੀਤੀ ਸੀ। ਕਿੱਟੂ ਕਾਂ ਨੂੰ ਜਲਦੀ ਹੀ ਨਸ਼ਾ ਹੋ ਗਿਆ। ਉਹ ਭਉਣ ਲੱਗ ਪਿਆ ਤੇ ਕੁੱਤਾ, ਕਿੱਟੂ ਕਾਂ ਨੂੰ ਲੈ ਕੇ ਵਾਪਸ ਆਪਣੇ ਰੈਣ-ਬਸੇਰੇ ਨੂੰ ਤੁਰ ਪਿਆ।

ਹੁਣ ਕਿੱਟੂ ਕਾਂ ਨਸ਼ੇ ਨਾਲ ਝੂਲਦਾ ਹੋਇਆ ਹਨੇਰੇ ਵਿਚ ਉਡਣ ਲੱਗ ਪਿਆ ਤੇ ਕੁੱਤਾ ਹੇਠਾਂ ਜ਼ਮੀਨ 'ਤੇ ਕਿੱਟੂ ਕਾਂ ਦੇ ਨਾਲ-ਨਾਲ ਭੱਜਦਾ ਆ ਰਿਹਾ ਸੀ।

ਵਾਪਸ ਉੱਡੇ ਆਉਂਦੇ ਕਿੱਟੂ ਕਾਂ ਨੇ ਭਾਵੇਂ ਆਪਣੇ ਮਨ ਨਾਲ ਫ਼ੈਸਲਾ ਕਰ ਲਿਆ ਸੀ ਕਿ ਅੱਗੇ ਤੋਂ ਉਹ ਕੁੱਤੇ ਨਾਲ ਸ਼ਹਿਰ ਨਹੀਂ ਆਵੇਗਾ, ਪਰ ਰੈਣ-ਬਸੇਰੇ ਤਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਗਿਓਂ ਆ ਰਹੀ ਇੱਲ ਦੇ ਵਿਚ ਵੱਜ ਗਿਆ। ਇੱਲ ਵਿਚ ਵੱਜ ਕੇ ਕਿੱਟੂ ਕਾਂ ਹੇਠਾਂ ਕੁੱਤੇ ਦੇ ਪੈਰਾਂ ਵਿਚ ਡਿਗ ਪਿਆ।

ਕਿੱਟੂ ਕਾਂ ਭਾਵੇਂ ਕੁੱਤੇ ਦੇ ਪੈਰਾਂ ਵਿਚ ਡਿੱਗਾ ਸੀ, ਫਿਰ ਵੀ ਕੁੱਤੇ ਨੇ ਕਿੱਟੂ ਕਾਂ ਵੱਲ ਕੋਈ ਧਿਆਨ ਨਾ ਦਿੱਤਾ। ਕੁੱਤਾ ਮਸਤੀ ਵਿਚ ਤੁਰਦਾ-ਤੁਰਦਾ ਆਪਣੇ ਘੁਰਨੇ ਵਿਚ ਪਹੁੰਚ ਗਿਆ।

ਕਿੱਟੂ ਕਾਂ ਆਪਣੀ ਗ਼ਲਤੀ ਨਾਲ ਇੱਲ ਵਿਚ ਵੱਜਾ ਸੀ, ਫਿਰ ਵੀ ਇੱਲ ਨੇ ਫਟਾਫਟ ਕਿੱਟੂ ਕਾਂ ਨੂੰ ਸੰਭਾਲਿਆ। ਇੱਲ ਨੇ ਕਿੱਟੂ ਕਾਂ ਨੂੰ ਉਲਟਾ-ਪੁਲਟਾ ਕੇ ਵੇਖਿਆ। ਕਿੱਟੂ ਕਾਂ ਦੇ ਖੰਭ ਟੁੱਟ ਗਏ ਸਨ। ਉਸਨੂੰ ਹੋਰ ਵੀ ਗੁੱਮ ਸੱਟਾਂ ਵੱਜੀਆਂ ਸਨ। ਇੱਲ ਉਸੇ ਵਕਤ ਕਿੱਟੂ ਕਾਂ ਨੂੰ ਚੁੱਕ ਕੇ ਆਪਣੇ ਆਲ੍ਹਣੇ ਵਿਚ ਲੈ ਆਈ ਤੇ ਉਸਨੇ ਕਿੱਟੂ ਕਾਂ ਦੀ ਮਰਹਮ-ਪੱਟੀ ਕਰਵਾਈ।

ਉਸ ਰਾਤ ਕਿੱਟੂ ਕਾਂ, ਇੱਲ ਦੇ ਆਲ੍ਹਣੇ ਵਿਚ ਹੀ ਰਿਹਾ। ਸਵੇਰ ਹੋਣ ਤੱਕ ਕਿੱਟੂ ਕਾਂ ਦਾ ਨਸ਼ਾ ਲਹਿ ਗਿਆ ਤੇ ਉਸਨੂੰ ਸੁਰੱਖਿਆ ਦੀ ਚਿੰਤਾ ਸਤਾਉਣ ਲੱਗੀ। ਕਿੱਟੂ

ਕਾਂ ਨੂੰ ਦੁਬਾਰਾ ਉਡਣ ਜੋਗਾ ਹੋਣ ਲਈ ਅਜੇ ਦਿਨ ਲਗਣੇ ਸਨ ਤੇ ਇੱਲ ਦੇ ਚੋਗਾ ਲੈਣ ਜਾਣ ਵੇਲੇ ਕਿੱਟੂ ਕਾਂ ਨੂੰ ਕੋਈ ਸ਼ਿਕਾਰੀ ਫੁੰਡ ਸਕਦਾ ਸੀ। ਕਿੱਟੂ ਕਾਂ ਨੇ ਆਪਣੀ ਮਜਬੂਰੀ ਇੱਲ ਨੂੰ ਦੱਸੀ।

ਇੱਲ, ਕਿੱਟੂ ਕਾਂ ਨੂੰ ਰਾਜ਼ੀ ਹੋਣ ਤਕ ਆਪਣੇ ਆਲ੍ਹਣੇ ਵਿਚ ਰੱਖਣਾ ਚਾਹੁੰਦੀ ਸੀ ਪਰ ਸੁਰੱਖਿਆ ਦਾ ਧਿਆਨ ਕਰਦਿਆਂ ਉਹ ਕਿੱਟੂ ਕਾਂ ਨੂੰ ਚੁੱਕ ਕੇ ਇਕ ਪੰਛੀ-ਪ੍ਰੇਮੀ ਦੇ ਘਰ ਛੱਡ ਆਈ।

ਪੰਛੀ-ਪ੍ਰੇਮੀ ਨੇ ਆਪਣੇ ਘਰ ਪੰਛੀਆਂ ਲਈ ਭਾਂਤ-ਭਾਂਤ ਦੇ ਆਲ੍ਹਣੇ ਬਣਾਏ ਹੋਏ ਸਨ ਤੇ ਇਨ੍ਹਾਂ ਆਲ੍ਹਣਿਆਂ ਵਿਚ ਕਈ ਪੰਛੀ ਰਹਿ ਰਹੇ ਸਨ। ਪੰਛੀ-ਪ੍ਰੇਮੀ ਸਾਰੇ ਪੰਛੀਆਂ ਦੀ ਬੇਹੱਦ ਸੇਵਾ ਕਰਦਾ ਸੀ।

ਕਿੱਟੂ ਕਾਂ ਵੀ ਰਾਜ਼ੀ ਹੋਣ ਤਕ ਪੰਛੀ-ਪ੍ਰੇਮੀ ਦੇ ਘਰ ਰਹਿੰਦਾ ਰਿਹਾ। ਇਥੇ ਉਸਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਸੀ। ਰਾਜ਼ੀ ਹੋਣ ਤੋਂ ਬਾਅਦ ਕਿੱਟੂ ਕਾਂ ਨੇ ਪੰਛੀ-ਪ੍ਰੇਮੀ ਤੋਂ ਵਾਪਸ ਆਪਣੇ ਆਲ੍ਹਣੇ ਵਿਚ ਜਾਣ ਦੀ ਇਜ਼ਾਜਤ ਮੰਗੀ।

"ਕਿੱਟੂ ਕਾਂ! ਤੈਨੂੰ ਇਕ ਸ਼ਰਤ 'ਤੇ ਆਪਣੇ ਆਲ੍ਹਣੇ ਵਿਚ ਜਾਣ ਦੀ ਇਜ਼ਾਜਤ ਮਿਲੇਗੀ ਕਿ ਅੱਗੇ ਤੋਂ ਤੂੰ ਕਿਸੇ ਨਿਕੰਮੇ ਤੇ ਅਵਾਰਾ-ਗਰਦ ਦੀਆਂ ਗੱਲਾਂ ਵਿਚ ਨਹੀਂ ਆਵੇਂਗਾ।" ਪੰਛੀ-ਪ੍ਰੇਮੀ ਨੇ ਆਖਿਆ।

ਕਿੱਟੂ ਕਾਂ ਨੇ ਉਸੇ ਵਕਤ ਪੰਛੀ-ਪ੍ਰੇਮੀ ਨਾਲ ਕਿਸੇ ਨਿਕੰਮੇ ਤੇ ਅਵਾਰਾ-ਗਰਦ ਦੀਆਂ ਗੱਲਾਂ ਵਿਚ ਨਾ ਆਉਣ ਦਾ ਵਾਅਦਾ ਕੀਤਾ। ਪੰਛੀ-ਪ੍ਰੇਮੀ ਨਾਲ ਵਾਅਦਾ ਕਰਨ ਤੋਂ ਬਾਅਦ ਕਿੱਟੂ ਕਾਂ ਚਾਈਂ-ਚਾਈਂ ਆਪਣੇ ਆਲ੍ਹਣੇ ਨੂੰ ਤੁਰ ਪਿਆ।

# ਸ਼ਾਹੀ ਫ਼ੌਜ ਤੇ ਗਧਾ

ਜਿੱਥੇ ਘੁਮਿਆਰ ਤੇ ਉਸਦਾ ਗਧਾ ਰਹਿੰਦਾ ਸੀ, ਉੱਥੋਂ ਰਾਜੇ ਦੀ ਸ਼ਾਹੀ ਫ਼ੌਜ ਅਕਸਰ ਗੁਜ਼ਰਦੀ ਰਹਿੰਦੀ ਸੀ। ਰਾਜੇ ਦੀ ਫ਼ੌਜ ਵਿਚ ਵੰਨ-ਸੁਵੰਨੇ ਹਾਥੀ, ਊਠ ਤੇ ਘੋੜੇ ਸਨ। ਵੰਨ-ਸੁਵੰਨੇ ਹਾਥੀਆਂ, ਊਠਾਂ ਤੇ ਘੋੜਿਆਂ ਨੂੰ ਵੇਖ ਕੇ ਗਧੇ ਦਾ ਵੀ ਮਨ ਸ਼ਾਹੀ ਫ਼ੌਜ ਵਿਚ ਸ਼ਾਮਲ ਹੋਣ ਲਈ ਲਲਚਾਉਂਦਾ। ਗਧੇ ਦਾ ਦਿਲ ਕਰਦਾ ਕਿ ਕਿਹੜਾ ਵੇਲਾ ਹੋਵੇ, ਉਹ ਘੁਮਿਆਰ ਦਾ ਭਾਂਡੇ ਢੋਣ ਵਾਲਾ ਕੰਮ ਛੱਡ ਦੇਵੇ ਤੇ ਰਾਜੇ ਦੀ ਫ਼ੌਜ ਵਿਚ ਭਰਤੀ ਹੋ ਕੇ ਠਾਠ ਵਾਲੀ ਜ਼ਿੰਦਗੀ ਜੀਵੇ।



ਫਿਰ ਇਕ ਦਿਨ ਘੁਮਿਆਰ ਤੋਂ ਚੋਰੀ ਗਧਾ ਰਾਜ-ਦਰਬਾਰ ਵਿਚ ਪਹੁੰਚ ਗਿਆ।

"ਬਾਦਸ਼ਾਹ ਸਲਾਮਤ! ਮੈਂ ਵੀ ਸ਼ਾਹੀ ਫ਼ੌਜ ਵਿਚ ਸ਼ਾਮਲ ਹੋਣਾ ਚਾਹੁੰਦਾ ਹਾਂ ਤੇ ਦੇਸ਼ ਦੀ ਸੇਵਾ ਕਰਨੀ ਚਾਹੁੰਦਾ ਹਾਂ।" ਰਾਜੇ ਦੇ ਦਰਬਾਰ ਵਿਚ ਪੇਸ਼ ਹੋ ਕੇ ਗਧੇ ਨੇ ਆਖਿਆ।

"ਗਧਿਆ! ਤੂੰ ਕੱਦ-ਕਾਠ ਕਰਕੇ ਸ਼ਾਹੀ ਫ਼ੌਜ ਵਿਚ ਭਰਤੀ ਹੋਣ ਦੇ ਕਾਬਲ ਨਹੀਂ ਹੈਂ। ਤੈਨੂੰ ਇਮਾਨਦਾਰੀ ਨਾਲ ਘੁਮਿਆਰ ਦਾ ਕੰਮ ਕਰਦੇ ਰਹਿਣਾ ਚਾਹੀਦਾ ਹੈ।" ਰਾਜੇ ਨੇ ਗਧੇ ਨੂੰ ਸਮਝਾਇਆ ਪਰ ਗਧਾ ਨਾ ਮੰਨਿਆ।

"ਬਾਦਸ਼ਾਹ ਸਲਾਮਤ! ਸ਼ਾਹੀ ਫ਼ੌਜ ਵਿਚਲੇ ਘੋੜਿਆਂ ਤੇ ਮੇਰੇ ਵਿਚ ਬਹੁਤਾ ਅੰਤਰ ਨਹੀਂ ਹੈ। ਸ਼ਾਹੀ ਫ਼ੌਜ ਵਿਚਲੇ ਘੋੜਿਆਂ ਨਾਲੋਂ ਮੇਰਾ ਕੱਦ ਹੀ ਥੋੜਾ ਛੋਟਾ ਹੈ। ਉਂਜ ਮੈਂ ਭਾਰ ਸ਼ਾਹੀ ਫ਼ੌਜ ਵਿਚਲੇ ਘੋੜਿਆਂ ਨਾਲੋਂ ਵਧੇਰੇ ਚੁੱਕ ਲੈਂਦਾ ਹਾਂ।" ਗਧੇ ਨੇ ਦਲੀਲ ਦਿੱਤੀ।

"ਗਧਿਆ! ਠੀਕ ਹੈ ਤੂੰ ਭਾਰ ਘੋੜਿਆਂ ਨਾਲੋਂ ਵਧੇਰੇ ਚੁੱਕ ਲੈਂਦਾ ਹੈਂ ਪਰ ਤੇਰੀਆਂ ਆਦਤਾਂ ਸ਼ਾਹੀ ਫ਼ੌਜ ਦੀ ਮਰਿਆਦਾ ਦੇ ਅਨੁਕੂਲ ਨਹੀਂ ਹਨ।" ਰਾਜੇ ਨੇ ਗਧੇ ਨੂੰ ਫਿਰ ਸਮਝਾਇਆ। ਰਾਜਾ ਜਾਣਦਾ ਸੀ ਕਿ ਗਧਾ ਸ਼ਾਹੀ ਫ਼ੌਜ ਵਿਚ ਸੇਵਾਦਾਰਾਂ ਨੂੰ ਜ਼ਰੂਰ ਦੁਲੱਤੀਆਂ ਮਾਰੇਗਾ ਤੇ ਹਿਚਕੀ ਆਉਣ ਵੇਲੇ ਇਹ ਢੈਂਚੂ-ਢੈਂਚੂ ਕਰਕੇ ਵੀ ਫ਼ੌਜ ਦੀ ਸ਼ਾਂਤੀ ਭੰਗ ਕਰ ਸਕਦਾ ਹੈ।

ਪਰ ਗਧਾ ਕਿਸੇ ਵੀ ਕੀਮਤ 'ਤੇ ਸ਼ਾਹੀ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਸੀ। ਗਧੇ ਨੇ ਰਾਜੇ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਕਦੇ ਵੀ ਸੇਵਾਦਾਰਾਂ ਨੂੰ ਦੁਲੱਤੀ ਨਹੀਂ ਮਾਰੇਗਾ ਤੇ ਨਾ ਹੀ ਰਾਜੇ ਦੀ ਫ਼ੌਜ ਦੇ ਆਪਾਤਕਾਲੀਨ ਸਾਇਰਨ ਵਾਂਗ ਢੈਂਚੂ-ਢੈਂਚੂ ਕਰਕੇ ਰਾਜ-ਦਰਬਾਰ ਲਈ ਮੁਸੀਬਤ ਖੜ੍ਹੀ ਕਰੇਗਾ। ਹੁਣ ਰਾਜੇ ਕੋਲ ਕੋਈ ਜਵਾਬ ਨਹੀਂ ਸੀ ਤੇ ਉਸਨੇ ਗਧੇ ਨੂੰ ਵੀ ਆਪਣੀ ਫ਼ੌਜ ਵਿਚ ਸ਼ਾਮਲ ਕਰ ਲਿਆ।

ਗਧੇ ਨੇ ਭਾਵੇਂ ਰਾਜੇ ਨੂੰ ਦੁਲੱਤੀ ਨਾ ਮਾਰਨ ਤੇ ਸਾਇਰਨ ਨਾ ਵਜਾਉਣ ਦਾ ਵਿਸ਼ਵਾਸ ਦਿਵਾਇਆ ਸੀ, ਫਿਰ ਵੀ ਰਾਜੇ ਦੇ ਸੇਵਾਦਾਰਾਂ ਨੂੰ ਗਧੇ ਦੀ ਨੀਅਤ ਉੱਪਰ ਸ਼ੱਕ ਸੀ। ਰਾਜੇ ਦੇ ਸੇਵਾਦਾਰਾਂ ਨੂੰ ਡਰ ਸੀ ਕਿ ਗਧਾ ਕਿਸੇ ਵੀ ਵੇਲੇ ਦੁਲੱਤੀ ਮਾਰ ਸਕਦਾ ਹੈ ਤੇ ਸਾਇਰਨ ਵਜਾ ਸਕਦਾ ਹੈ। ਇਸ ਕਰਕੇ ਰਾਜੇ ਦੇ ਸੇਵਾਦਾਰਾਂ ਨੇ ਗਧੇ ਦੇ ਮੂੰਹ ਨੂੰ ਛਿੱਕਾ ਤੇ ਦੁਲੱਤੀ ਮਾਰਨ ਵਾਲੀ ਲੱਤ ਨੂੰ ਰੱਸੀ ਪਾਉਣੀ ਸ਼ੁਰੂ ਕਰ ਦਿੱਤੀ ਸੀ। ਉਹ ਸਿਰਫ਼ ਲੋੜ ਵੇਲੇ ਹੀ ਰੱਸੀ ਤੇ ਛਿੱਕਾ ਖੋਲ੍ਹਦੇ ਸਨ।

ਰਾਜੇ ਦੀ ਫ਼ੌਜ ਵਿਚ ਭਰਤੀ ਹੋਣ ਤੋਂ ਬਾਅਦ ਗਧੇ ਦੀ ਦੁਲੱਤੀ ਤੇ ਸਾਇਰਨ ਉੱਤੇ ਭਾਵੇਂ ਪਾਬੰਦੀ ਲੱਗ ਗਈ ਸੀ ਪਰ ਗਧਾ ਫਿਰ ਵੀ ਬੇਹੱਦ ਖੁਸ਼ ਸੀ। ਹੁਣ ਉਸਨੂੰ ਘੁਮਿਆਰ ਦੇ ਭਾਂਡੇ ਤੇ ਮਿੱਟੀ ਨਹੀਂ ਢੋਣੀ ਪੈਂਦੀ ਸੀ ਤੇ ਵੰਨ-ਸੁਵੰਨੀਆਂ ਸ਼ਾਹੀ ਚੀਜ਼ਾਂ ਖਾਣ-ਪੀਣ ਨੂੰ ਮਿਲਦੀਆਂ ਸਨ।

ਰਾਜੇ ਦੀ ਫ਼ੌਜ ਵਿਚ ਸ਼ਾਮਲ ਹੋ ਕੇ ਗਧੇ ਨੂੰ ਖਾਣ-ਪੀਣ ਦੀ ਮੌਜ ਲੱਗ ਗਈ ਪਰ ਉਸਦੀ ਨੀਂਦ ਅਲੋਪ ਹੋ ਗਈ ਸੀ। ਸ਼ਾਹੀ ਤਬੇਲੇ ਵਿਚ ਗਧੇ ਨੂੰ ਨੀਂਦ ਨਾ

ਆਉਂਦੀ ਤੇ ਉਹ ਸਾਰੀ-ਸਾਰੀ ਰਾਤ ਜਾਗਦਾ ਰਹਿੰਦਾ। ਗਧੇ ਦਾ ਮਨ ਰੂੜੀ 'ਤੇ ਸੌਣ ਲਈ ਲਲਚਾਉਂਦਾ ਪਰ ਇਥੇ ਸ਼ਾਹੀ ਤਬੇਲੇ ਵਿਚ ਰੂੜੀ ਤਾਂ ਦੂਰ ਦੀ ਗੱਲ, ਮਿੱਟੀ ਦਾ ਵੀ ਨਾਮੋ-ਨਿਸ਼ਾਨ ਨਹੀਂ ਸੀ।

ਗਧੇ ਨੂੰ ਸ਼ਾਹੀ ਤਬੇਲੇ ਵਿਚ ਭਾਵੇਂ ਨੀਂਦ ਨਹੀਂ ਆਉਂਦੀ ਸੀ ਤੇ ਉਸ ਉੱਪਰ ਹੋਰ ਵੀ ਪਾਬੰਦੀਆਂ ਲੱਗ ਗਈਆਂ ਸਨ, ਫਿਰ ਵੀ ਉਹ ਸ਼ਾਹੀ ਤਬੇਲੇ ਨੂੰ ਛੱਡਣ ਲਈ ਤਿਆਰ ਨਹੀਂ ਸੀ। ਗਧਾ ਕੋਈ ਇਹੋ ਜਿਹਾ ਢੰਗ ਸੋਚਣ ਲੱਗਾ ਜਿਸ ਨਾਲ ਉਸਨੂੰ ਨੀਂਦ ਵੀ ਆਉਣ ਲੱਗ ਪਵੇ ਤੇ ਉਹ ਸ਼ਾਹੀ ਤਬੇਲੇ ਵਿਚ ਵੀ ਟਿਕਿਆ ਰਵੇ।

ਗਧਾ ਕਈ ਦਿਨ ਸੋਚਦਾ ਰਿਹਾ ਤੇ ਕਈ ਦਿਨ ਸੋਚਣ ਤੋਂ ਬਾਅਦ ਗਧੇ ਨੇ ਸਕੀਮ ਬਣਾ ਲਈ। ਆਪਣੀ ਬਣਾਈ ਸਕੀਮ ਮੁਤਾਬਿਕ ਗਧਾ ਪਹਿਰੇਦਾਰ ਦੇ ਸੌਂ ਜਾਣ ਤੋਂ ਬਾਅਦ ਚੁਪਕੇ ਜਿਹੇ ਸ਼ਾਹੀ ਤਬੇਲੇ 'ਚੋਂ ਬਾਹਰ ਨਿਕਲ ਆਇਆ ਤੇ ਥੋੜ੍ਹੀ ਦੂਰ ਰੂੜੀ ਉੱਪਰ ਜਾ ਕੇ ਸੌਂ ਗਿਆ।

ਗਧੇ ਨੇ ਸਕੀਮ ਬਣਾਈ ਸੀ ਕਿ ਰਾਤ ਕਿਸੇ ਰੂੜੀ ਉੱਪਰ ਸੌਂ ਕੇ ਪਹਿਰੇਦਾਰ ਦੇ ਜਾਗਣ ਤੋਂ ਪਹਿਲਾਂ-ਪਹਿਲਾਂ ਵਾਪਸ ਸ਼ਾਹੀ ਤਬੇਲੇ ਵਿਚ ਪਹੁੰਚ ਜਾਵੇਗਾ। ਪਰ ਗਧੇ ਦੀ ਅੱਖ ਚਿੱਟਾ ਦਿਨ ਚੜ੍ਹਨ ਤੋਂ ਪਹਿਲਾਂ ਨਾ ਖੁੱਲ੍ਹੀ। ਕਈ ਦਿਨਾਂ ਬਾਅਦ ਗਧੇ ਨੂੰ ਇਹੋ ਜਿਹੀ ਨੀਂਦ ਆਈ ਸੀ। ਗਧੇ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਹ ਜੰਨਤ ਵਿਚ ਪਿਆ ਹੋਵੇ ਤੇ ਉਹ ਸਾਰੀ ਰਾਤ ਵੰਨ-ਸੁਵੰਨੇ ਸੁਪਨੇ ਵੇਖਦਾ ਰਿਹਾ।

ਚਿੱਟੇ ਦਿਨ ਚੜ੍ਹੇ ਉਠ ਕੇ ਗਧਾ ਅੱਖਾਂ ਮਲਦਾ ਹੋਇਆ ਵਾਪਸ ਸ਼ਾਹੀ ਤਬੇਲੇ ਵਿਚ ਵੜਨ ਦੀ ਕੋਸ਼ਿਸ਼ ਕਰਨ ਲੱਗਾ, ਪਰ ਰਾਜੇ ਦੇ ਆਦੇਸ਼ ਮੁਤਾਬਿਕ ਪਹਿਰੇਦਾਰਾਂ ਨੇ ਉਸਨੂੰ ਅੰਦਰ ਨਾ ਵੜਨ ਦਿੱਤਾ।

ਰਾਜੇ ਨੇ ਸਵੇਰੇ ਸੈਰ ਕਰਨ ਗਏ ਨੇ ਗਧੇ ਨੂੰ ਰੂੜੀ ਉੱਪਰ ਸੁੱਤੇ ਪਏ ਨੂੰ ਵੇਖ ਲਿਆ ਸੀ। 'ਸੌਣਾ ਰੂੜੀਆਂ 'ਤੇ ਸੁਪਨੇ ਸੀਸ ਮਹਿਲਾਂ ਦੇ'। ਰਾਜੇ ਨੇ ਵਿਅੰਗ ਨਾਲ ਆਖਦਿਆਂ ਪਹਿਰੇਦਾਰਾਂ ਨੂੰ ਉਸੇ ਵਕਤ ਹੁਕਮ ਚਾੜ੍ਹ ਦਿੱਤਾ ਸੀ ਤੇ ਗਧੇ ਨੂੰ ਸ਼ਾਹੀ ਫ਼ੌਜ ਵਿਚੋਂ ਕੱਢ ਦਿੱਤਾ ਸੀ।

ਹੁਣ ਗਧੇ ਕੋਲ ਕੋਈ ਹੋਰ ਠਿਕਾਣਾ ਨਹੀਂ ਸੀ ਤੇ ਉਹ ਵਾਪਸ ਘੁਮਿਆਰ ਕੋਲ ਪਹੁੰਚ ਗਿਆ।

ਗਧੇ ਨੂੰ ਵਾਪਸ ਆਇਆ ਵੇਖ ਕੇ ਘੁਮਿਆਰ ਬੇਹੱਦ ਖੁਸ਼ ਹੋਇਆ। ਘੁਮਿਆਰ ਨੂੰ ਮਿੱਟੀ ਤੇ ਭਾਂਡੇ ਢੋਣ ਲਈ ਦੁਬਾਰਾ ਗਧਾ ਹੀ ਨਹੀਂ ਮਿਲ ਗਿਆ ਸੀ, ਸਗੋਂ ਗਧੇ ਨੂੰ ਕਾਬੂ ਕਰਨ ਦੀਆਂ ਦੋ ਨਵੀਆਂ ਜੁਗਤਾਂ ਵੀ ਮਿਲ ਗਈਆਂ ਸਨ। ਕਿਉਂਕਿ ਗਧੇ ਦੀ ਇਕ ਲੱਤ ਤੇ ਛਿੱਕੇ ਨਾਲ ਮੂੰਹ ਅਜੇ ਵੀ ਬੱਝੇ ਹੋਏ ਸਨ।

✪

# ਆਲਸੀ ਮਾਣੋ ਬਿੱਲੀ

ਮਾਲਕ ਨੇ ਘਰ ਵਿਚ ਚੂਹਿਆਂ ਦੀ ਵਧਦੀ ਦਹਿਸ਼ਤ ਨੂੰ ਵੇਖਿਆ ਤੇ ਚੂਹਿਆਂ ਨੂੰ ਮੁਕਾਉਣ ਲਈ ਉਹ ਮਾਣੋ ਬਿੱਲੀ ਨੂੰ ਲੈ ਆਇਆ। ਪਰ ਮਾਣੋ ਬਿੱਲੀ ਬੇਹੱਦ ਚਲਾਕ ਸੀ। ਮਾਣੋ ਬਿੱਲੀ ਨੇ ਆਉਣ-ਸਾਰ ਕਿਸੇ ਵੀ ਚੂਹੇ ਨੂੰ ਨਾ ਖਾਣ ਦਾ ਫ਼ੈਸਲਾ ਕਰ ਲਿਆ।

"ਮਾਲਕ ਨੇ ਮੈਨੂੰ ਚੂਹੇ ਮੁਕਾਉਣ ਲਈ ਲਿਆਂਦਾ ਹੈ ਤੇ ਜਦੋਂ ਚੂਹੇ ਮੁੱਕ ਗਏ, ਇਹ ਮੈਨੂੰ ਘਰ ਵਿਚ ਨਹੀਂ ਰਹਿਣ ਦੇਵੇਗਾ।" ਮਾਣੋ ਬਿੱਲੀ ਨੇ ਸੋਚਿਆ ਤੇ ਉਸਨੇ ਘਰ ਵਿਚਲੇ ਸਾਰੇ ਚੂਹਿਆਂ ਨੂੰ ਇਕੱਠੇ ਕਰ ਲਿਆ।



"ਚੂਹੇ ਭਰਾਵੋ! ਮੈਂ ਤੁਹਾਨੂੰ ਕੁਝ ਨਹੀਂ ਆਖਦੀ, ਬਸ ਤੁਸੀਂ ਮਾਲਕ ਦਾ ਨੁਕਸਾਨ ਨਾ ਕਰਿਓ। ਮਾਲਕ ਦੀਆਂ ਜ਼ਰੂਰੀ ਵਰਤੋਂ ਦੀਆਂ ਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਨੁਕਸਾਨ ਨਾ ਕਰਿਓ। ਇਸ ਵਿਚ ਆਪਾਂ ਸਾਰਿਆਂ ਦੀ ਭਲਾਈ ਹੈ।" ਮਾਣੋ ਬਿੱਲੀ ਨੇ ਸਾਰੇ ਚੂਹਿਆਂ ਨੂੰ ਇਕੱਠੇ ਕਰਕੇ ਆਖਿਆ।

ਮਾਣੋ ਬਿੱਲੀ ਦੀ ਸਲਾਹ ਸਾਰੇ ਚੂਹਿਆਂ ਨੂੰ ਪਸੰਦ ਆਈ। ਸਾਰੇ ਚੂਹਿਆਂ ਨੇ ਮਾਣੋ ਬਿੱਲੀ ਦੀ ਨੇਕ ਸਲਾਹ 'ਤੇ ਅਮਲ ਕੀਤਾ। ਹੁਣ ਸਾਰੇ ਚੂਹਿਆਂ ਨੇ ਬਚੀਆਂ-

ਖੁਚੀਆਂ ਸਬਜ਼ੀਆਂ ਤੇ ਫਲਾਂ ਦੀਆਂ ਛਿੱਲੜਾਂ ਨਾਲ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ ਤੇ ਮਾਣੋ ਬਿੱਲੀ ਸਾਰਾ ਦਿਨ ਬੇ-ਫ਼ਿਕਰੀ ਹੋ ਕੇ ਸੁੱਤੀ ਰਹਿੰਦੀ ਸੀ। ਚੂਹਿਆਂ ਨਾਲ ਸਮਝੌਤਾ ਕਰਨ ਤੋਂ ਬਾਅਦ ਮਾਣੋ ਬਿੱਲੀ ਬੇਹੱਦ ਖੁਸ਼ ਸੀ। ਚੂਹਿਆਂ ਨਾਲ ਸਮਝੌਤਾ ਕਰਕੇ ਮਾਣੋ ਬਿੱਲੀ ਨੇ ਬਿਨਾਂ ਕਿਸੇ ਮਿਹਨਤ ਦੇ ਲੰਮੇ ਸਮੇਂ ਤਕ ਇਸ ਘਰ ਵਿਚ ਟਿਕੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਕਰ ਲਿਆ ਸੀ।

ਮਾਲਕ, ਮਾਣੋ ਬਿੱਲੀ ਦੀ ਬਹੁਤ ਸੇਵਾ ਕਰਦਾ ਸੀ ਤੇ ਮਾਣੋ ਬਿੱਲੀ ਸਿਰਫ਼ ਖਾਣ-ਪੀਣ ਵੇਲੇ ਹੀ ਉਠਦੀ ਸੀ। ਉਹ ਸਾਰਾ ਦਿਨ ਸੁੱਤੀ ਰਹਿੰਦੀ ਸੀ। ਮਾਣੋ ਬਿੱਲੀ ਨੇ ਆਪਣੇ ਸਰੀਰ ਦੀ ਸਾਂਭ-ਸੰਭਾਲ ਬਿਲਕੁਲ ਹੀ ਛੱਡ ਦਿੱਤੀ ਸੀ। ਹੁਣ ਮਾਣੋ ਬਿੱਲੀ ਕਈ ਕਈ ਦਿਨ ਨਾ ਬੁਰਸ਼ ਕਰਦੀ ਸੀ ਤੇ ਨਾ ਹੀ ਨਹਾਉਂਦੀ ਸੀ। ਮਾਣੋ ਬਿੱਲੀ ਬਾਹਰ ਘੁੰਮਣ ਫਿਰਨ ਵੀ ਕਦੇ-ਕਦਾਈਂ ਹੀ ਜਾਂਦੀ ਸੀ।

ਉਸ ਘਰ ਵਿਚ ਰਹਿੰਦੇ ਚੂਹਿਆਂ ਵਿਚ ਇਕ ਚਿੰਕੂ ਨਾਂ ਦਾ ਚੂਹਾ ਵੀ ਸੀ। ਚਿੰਕੂ ਚੂਹਾ ਬੇਹੱਦ ਸਮਝਦਾਰ ਸੀ।

ਚਿੰਕੂ ਚੂਹਾ ਕਈ ਦਿਨ ਵੇਖਦਾ ਰਿਹਾ। ਫਿਰ ਇਕ ਦਿਨ ਉਸਨੇ ਹੌਂਸਲਾ ਜਿਹਾ ਕਰਕੇ ਮਾਣੋ ਬਿੱਲੀ ਨੂੰ ਸਮਝਾਉਂਦਿਆਂ ਆਖਿਆ।

"ਮਾਣੋ ਭੈਣ! ਸਾਰਾ ਸਾਰਾ ਦਿਨ ਸੁੱਤੇ ਰਹਿਣ ਤੇ ਕਈ-ਕਈ ਦਿਨ ਆਪਣੇ ਸਰੀਰ ਦੀ ਸਾਂਭ-ਸੰਭਾਲ ਨਾ ਕਰਨ ਨਾਲ ਸਾਡੇ ਸਰੀਰ ਵਿਚਲਾ ਫੁਰਤੀਲਾਪਨ ਸਮਾਪਤ ਹੋ ਜਾਂਦਾ ਹੈ ਤੇ ਭਵਿੱਖ ਵਿਚ ਸਾਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ।"

ਮਾਣੋ ਬਿੱਲੀ ਨੇ ਚਿੰਕੂ ਚੂਹੇ ਦੀ ਗੱਲ ਇਕ ਕੰਨੋਂ ਸੁਣ ਕੇ ਦੂਸਰੇ ਕੰਨ ਥਾਣੀਂ ਕੱਢ ਦਿੱਤੀ। ਮਾਣੋ ਬਿੱਲੀ, ਚਿੰਕੂ ਚੂਹੇ ਦੀ ਰਾਇ 'ਤੇ ਅਮਲ ਕਰਨ ਦੀ ਥਾਂ ਸਗੋਂ ਚਿੰਕੂ ਚੂਹੇ ਉੱਪਰ ਵਿਅੰਗ-ਬਾਣ ਛੱਡਣ ਲੱਗ ਪਈ।

"ਚਿੰਕੂ! ਮੇਰੀ ਫ਼ਿਕਰ ਕਰਨ ਦੀ ਥਾਂ ਤੂੰ ਆਪਣਾ ਧਿਆਨ ਰੱਖਿਆ ਕਰ। ਵੇਖੀਂ ਕਿਤੇ ਤੈਨੂੰ ਆਂਢ-ਗੁਆਂਢ ਦੀ ਕੋਈ ਹੋਰ ਬਿੱਲੀ ਨਾ ਦਬੋਚ ਲਵੇ।" ਮਾਣੋ ਬਿੱਲੀ ਨੇ ਆਖਿਆ ਤੇ ਚਿੰਕੂ ਚੂਹੇ ਨੇ ਹੋਰ ਕੁਝ ਕਹਿਣਾ ਉਚਿਤ ਨਾ ਸਮਝਿਆ। ਚਿੰਕੂ ਚੂਹਾ ਜਾਣਦਾ ਸੀ ਕਿ ਮਾਣੋ ਬਿੱਲੀ ਆਲਸੀ ਹੀ ਨਹੀਂ, ਢੀਠ ਤੇ ਜ਼ਿੱਦੀ ਵੀ ਹੈ।

ਸਮਾਂ ਬੀਤਦਾ ਗਿਆ। ਕੁਝ ਸਮੇਂ ਬਾਅਦ ਉਹ ਕੁਝ ਹੋਇਆ, ਜਿਸ ਵੱਲ ਚਿੰਕੂ ਚੂਹੇ ਨੇ ਮਾਣੋ ਬਿੱਲੀ ਦਾ ਧਿਆਨ ਦਿਵਾਇਆ ਸੀ। ਮਾਣੋ ਬਿੱਲੀ ਬੇਹੱਦ ਮੋਟੀ ਤੇ ਬੇਢਬੀ ਹੋ ਗਈ ਸੀ। ਉਸਦੀ ਨਿਗ੍ਹਾ ਕਮਜ਼ੋਰ ਹੋ ਗਈ ਸੀ ਤੇ ਦੰਦਾਂ ਵਿਚੋਂ ਵੀ ਖ਼ੂਨ ਵਗਣ ਲੱਗ ਪਿਆ ਸੀ।

ਹੌਲੀ-ਹੌਲੀ ਮਾਣੋ ਬਿੱਲੀ ਦੇ ਦੰਦ ਡਿੱਗਦੇ ਜਾ ਰਹੇ ਸਨ। ਮਾਣੋ ਬਿੱਲੀ ਦਾ ਮੂੰਹ ਚਿਪਕ ਗਿਆ ਸੀ ਤੇ ਉਹ ਸਮੇਂ ਤੋਂ ਪਹਿਲਾਂ ਬਜ਼ੁਰਗ ਲੱਗਣ ਲੱਗ ਪਈ ਸੀ।

ਮਾਲਕ ਕਈ ਦਿਨ ਵੇਖਦਾ ਰਿਹਾ। ਮਾਣੋ ਬਿੱਲੀ ਹੁਣ ਨਾ ਕਿਸੇ ਚੂਹੇ ਨੂੰ ਭੱਜ ਕੇ ਫੜ੍ਹ ਸਕਦੀ ਸੀ ਤੇ ਨਾ ਹੀ ਕਿਸੇ ਚੂਹੇ ਨੂੰ ਫੜ੍ਹ ਕੇ ਖਾ ਸਕਦੀ ਸੀ। ਮਾਣੋ ਬਿੱਲੀ ਦੀ ਚਾਲ-ਢਾਲ ਵੇਖ ਕੇ ਮਾਲਕ ਨੇ ਉਸ ਨੂੰ ਘਰ ਵਿਚ ਨਾ ਰੱਖਣ ਦਾ ਫ਼ੈਸਲਾ ਕਰ ਲਿਆ।

ਫਿਰ ਇਕ ਦਿਨ ਮਾਲਕ ਨੇ ਮਾਣੋ ਬਿੱਲੀ ਨੂੰ ਘਰੋਂ ਕੱਢ ਦਿੱਤਾ ਤੇ ਮਾਣੋ ਬਿੱਲੀ ਲਈ ਮੁਸੀਬਤ ਖੜ੍ਹੀ ਹੋ ਗਈ। ਮੋਟੀ-ਠੁੱਲੀ ਹੋਣ ਕਰਕੇ ਮਾਣੋ ਬਿੱਲੀ ਦੌੜ-ਭੱਜ ਕੇ ਆਪਣੇ ਲਈ ਭੋਜਨ ਦਾ ਪ੍ਰਬੰਧ ਨਹੀਂ ਸੀ ਕਰ ਸਕਦੀ ਤੇ ਮੂੰਹ ਵਿਚ ਦੰਦ ਨਾ ਹੋਣ ਕਰਕੇ ਦੁੱਧ ਤੋਂ ਬਿਨਾਂ ਉਹ ਹੋਰ ਕੁਝ ਖਾ-ਪੀ ਨਹੀਂ ਸੀ ਸਕਦੀ।

ਮਾਣੋ ਬਿੱਲੀ ਨੇ ਕਈ ਵਾਰ ਆਪਣੇ ਮਾਲਕ ਦੇ ਘਰ ਅੰਦਰ ਵੜਨ ਦੀ ਕੋਸ਼ਿਸ਼ ਕੀਤੀ ਪਰ ਮਾਲਕ ਹਰ ਵਾਰ ਡਾਂਗ ਲੈ ਕੇ ਉਸਦੇ ਪਿੱਛੇ ਪੈ ਜਾਂਦਾ ਸੀ। ਹਾਰ ਕੇ ਮਾਣੋ ਬਿੱਲੀ ਨੇ ਇਕ ਅੱਖਾਂ ਦੇ ਡਾਕਟਰ ਤੋਂ ਆਪਣੀ ਨਿਗ੍ਹਾ ਚੈੱਕ ਕਰਵਾ ਕੇ ਐਨਕ ਲਗਵਾਈ। ਉਸਨੇ ਇਕ ਦੰਦਾਂ ਦੇ ਡਾਕਟਰ ਤੋਂ ਨਵੇਂ ਦੰਦ ਵੀ ਲਗਵਾਏ ਤੇ ਉਹ ਕਈ ਦਿਨ ਲਗਾਤਾਰ ਸਵੇਰ-ਸ਼ਾਮ ਕਸਰਤ ਕਰਦੀ ਰਹੀ। ਕਈ ਦਿਨਾਂ ਬਾਅਦ ਮਾਲਕ ਨੇ ਉਸਨੂੰ ਘਰ ਵੜਨ ਦਿੱਤਾ।


ਹੁਣ ਮਾਣੋ ਬਿੱਲੀ ਆਪਣੇ ਸਰੀਰ ਦੀ ਪੂਰੀ ਸਾਂਭ-ਸੰਭਾਲ ਕਰਦੀ ਸੀ ਤੇ ਉਹ ਨਿਯਮਤ ਕਸਰਤ ਵੀ ਕਰਦੀ ਸੀ। ਮਾਣੋ ਬਿੱਲੀ ਨੂੰ ਆਲਸ ਕਰਨ ਤੇ ਆਪਣੇ ਸਰੀਰ ਦੀ ਸਾਂਭ-ਸੰਭਾਲ ਨਾ ਕਰਨ ਦੀ ਨਸੀਹਤ ਮਿਲ ਗਈ ਸੀ।

✪

# ਪਟਾਖੇ

ਦੀਵਾਲੀ ਵਾਲੇ ਦਿਨ ਬਾਂਦਰ, ਭਿੰਦੇ ਭਾਲੂ ਦੀ ਦੁਕਾਨ 'ਤੇ ਪਹੁੰਚ ਗਿਆ। ਬਾਂਦਰ ਨੇ ਵੱਡੇ-ਵੱਡੇ ਬੰਬ, ਅਨਾਰ ਤੇ ਹਵਾਈਆਂ ਖਰੀਦੀਆਂ ਤੇ ਉਹ ਰਾਤ ਹੋਣ ਦੀ ਉਡੀਕ ਕਰਨ ਲੱਗ ਪਿਆ।

ਹਨੇਰਾ ਹੋਣ ਦੀ ਦੇਰ ਸੀ, ਬਾਂਦਰ ਨੇ ਆਪਣੇ ਪਟਾਖਿਆਂ ਵਾਲੀ ਪਟਾਰੀ ਖੋਲ੍ਹ ਲਈ। ਵਿਚਾਰੇ ਪੰਛੀ ਸਾਰੇ ਦਿਨ ਦੇ ਥੱਕੇ-ਟੁੱਟੇ ਅਜੇ ਆਪਣੇ ਆਲ੍ਹਣਿਆਂ ਵਿਚ ਆਣ ਕੇ ਬੈਠੇ ਹੀ ਸਨ ਪਰ ਬਾਂਦਰ ਨੇ ਪੰਛੀਆਂ ਲਈ ਮੁਸੀਬਤ ਖੜ੍ਹੀ ਕਰ ਦਿੱਤੀ। ਬਾਂਦਰ ਨੇ ਅਨਾਰ ਦਰੱਖਤ ਦੇ ਹੇਠਾਂ ਰੱਖ ਕੇ ਚਲਾਇਆ ਤੇ ਅਨਾਰ ਦੇ ਅੰਗਾਰਾਂ ਨੂੰ ਵੇਖ ਕੇ ਦਰੱਖਤ ਉੱਪਰ ਰਹਿੰਦੇ ਪੰਛੀ ਚੀਕ-ਚਿਹਾੜਾ ਪਾਉਣ ਲੱਗ ਪਏ।





ਅੰਗਾਰਾਂ ਦੇ ਸੇਕ ਨੇ ਪੰਛੀਆਂ ਲਈ ਆਲ੍ਹਣਿਆਂ ਵਿਚ ਬਹਿਣਾ ਮੁਸ਼ਕਲ ਕਰ ਦਿੱਤਾ ਸੀ ਪਰ ਇਸ ਵਕਤ ਹਨੇਰੇ ਵਿਚ ਉਹ ਆਪਣੇ ਬੱਚਿਆਂ ਨੂੰ ਲੈ ਕੇ ਕਿਧਰੇ ਹੋਰ ਨਹੀਂ ਜਾ ਸਕਦੇ ਸਨ।

ਪੰਛੀਆਂ ਨੂੰ ਚੀਕ-ਚਿਹਾੜਾ ਪਾਉਂਦਿਆਂ ਨੂੰ ਵੇਖ ਕੇ ਬਾਂਦਰ ਬੇਹੱਦ ਖੁਸ਼ ਹੋਇਆ ਤੇ ਉਹ ਖਿੜ-ਖਿੜਾ ਕੇ ਹੱਸਿਆ।

ਜਿੱਥੇ ਬਾਂਦਰ ਪਟਾਖੇ ਚਲਾ ਰਿਹਾ ਸੀ, ਉਥੇ ਨਜ਼ਦੀਕ ਹੀ ਇਕ ਲੂੰਬੜੀ ਰਹਿੰਦੀ ਸੀ। ਬਾਂਦਰ ਨੂੰ ਪਟਾਖੇ ਚਲਾਉਂਦੇ ਨੂੰ ਵੇਖ ਕੇ ਲੂੰਬੜੀ ਆਪਣੇ ਘੁਰਨੇ ਵਿਚੋਂ ਨਿਕਲ ਆਈ ਤੇ ਉਹ ਬਾਂਦਰ ਨੂੰ ਸਮਝਾਉਣ ਲੱਗੀ।

"ਬਾਂਦਰ ਭਰਾਵਾ! ਤੈਨੂੰ ਪਟਾਖੇ ਨਹੀਂ ਚਲਾਉਣੇ ਚਾਹੀਦੇ। ਪਟਾਖੇ ਚਲਾਉਣਾ, ਪੈਸੇ ਫੂਕਣ ਬਰਾਬਰ ਹੈ। ਜੇ ਤੂੰ ਥੋੜ੍ਹੇ-ਬਹੁਤੇ ਪਟਾਖੇ ਚਲਾਉਣੇ ਹੀ ਆ ਤੇ ਕਿਸੇ ਵਿਹਲੀ ਜਗ੍ਹਾ 'ਤੇ ਜਾਕੇ ਚਲਾ। ਇਥੇ ਐਵੇਂ ਕਿਸੇ ਦਾ ਨੁਕਸਾਨ ਕਰੇਂਗਾ।" ਲੂੰਬੜੀ ਨੇ ਆਖਿਆ ਪਰ ਬਾਂਦਰ ਢੀਠ ਹੀ ਨਹੀਂ, ਝਗੜਾਲੂ ਵੀ ਸੀ। ਲੂੰਬੜੀ ਦੀ ਗੱਲ ਮੰਨਣ ਦੀ ਥਾਂ, ਉਹ ਲੂੰਬੜੀ ਦੇ ਗਲ਼ ਪੈ ਗਿਆ।

"ਮੈਨੂੰ ਸਲਾਹ ਦੇਣ ਦੀ ਜ਼ਰੂਰਤ ਨਹੀਂ ਹੈ। ਸਾਨੂੰ ਸਾਰੇ ਤਿਉਹਾਰ ਮਨਾਉਣੇ ਚਾਹੀਦੇ ਹਨ ਤੇ ਦੀਵਾਲੀ ਦਾ ਤਿਉਹਾਰ ਪਟਾਖੇ ਚਲਾਉਣ ਤੋਂ ਬਿਨਾਂ ਨਹੀਂ ਮਨਾਇਆ ਜਾਂਦਾ, ਸਮਝੀ।" ਬਾਂਦਰ ਨੇ ਆਖਿਆ ਤੇ ਉਹ ਹਵਾਈ ਚਲਾਉਣ ਲੱਗ ਪਿਆ।

ਬਾਂਦਰ ਤੋਂ ਡਰਦੇ ਸਾਰੇ ਪੰਛੀ ਆਪਣੇ ਬੱਚਿਆਂ ਨੂੰ ਲੈ ਕੇ ਦਰੱਖਤ ਦੇ ਤਣੇ ਨਾਲ ਸੰਘਣੇ ਪੱਤਿਆਂ ਵਿਚ ਬਣਾਏ ਆਲ੍ਹਣਿਆਂ ਵਿਚ ਚਲੇ ਗਏ ਸਨ।

ਪੰਛੀਆਂ ਨੂੰ ਸਤਾਉਣ ਦੇ ਇਰਾਦੇ ਨਾਲ ਢੀਠ ਬਾਂਦਰ ਨੇ ਵੀ ਹਵਾਈ ਨੂੰ ਦਰੱਖਤ ਦੇ ਮੁੱਢ ਨਾਲ ਰੱਖ ਕੇ ਅੱਗ ਲਗਾ ਦਿੱਤੀ। ਪਰ ਹਵਾਈ ਥੋੜ੍ਹਾ ਜਿਹਾ ਉੱਪਰ ਉੱਠੀ ਤੇ ਪੰਛੀਆਂ ਦੇ ਆਲ੍ਹਣਿਆਂ ਵੱਲ ਜਾਣ ਦੀ ਥਾਂ ਦਰੱਖਤ ਦੇ ਇਕ ਟਾਹਣ ਨਾਲ ਟਕਰਾ ਕੇ ਵਾਪਸ ਬਾਂਦਰ ਦੇ ਉੱਪਰ ਆਣ ਡਿੱਗੀ। ਬਾਂਦਰ ਭੱਜ ਕੇ ਮਸਾਂ ਬਚਿਆ। ਹਵਾਈ ਵਿਚਲਾ ਪਟਾਖਾ ਬਾਂਦਰ ਦੇ ਪੈਰਾਂ ਵਿਚ ਆਣ ਕੇ ਵੱਜਾ ਤੇ ਪਟਾਖੇ ਦੇ ਖੜਾਕ ਨਾਲ ਬਾਂਦਰ ਨੂੰ ਇੰਜ ਲੱਗਾ, ਜਿਵੇਂ ਉਹ ਇਕ ਵਾਰ ਬੋਲ਼ਾ ਹੋ ਗਿਆ ਹੋਵੇ। ਉਂਜ ਵੀ ਬਾਂਦਰ ਦੇ ਇਰਦ-ਗਿਰਦ ਧੂੰਆਂ-ਰੋਲ਼ੀ ਹੋ ਗਈ ਸੀ।

ਬਾਂਦਰ ਨੂੰ ਹੁਣ ਸਮਝ ਲੱਗੀ ਸੀ ਕਿ ਉਸਨੇ ਹਵਾਈ ਚਲਾ ਕੇ ਪੰਛੀਆਂ ਨੂੰ ਤੰਗ ਕਰਨ ਦੀ ਥਾਂ ਆਪਣੇ ਲਈ ਮੁਸੀਬਤ ਖੜ੍ਹੀ ਕਰ ਲਈ ਸੀ ਤੇ ਉਸਨੇ ਲੂੰਬੜੀ ਦੀ ਗੱਲ 'ਤੇ ਅਮਲ ਨਾ ਕਰਕੇ ਗ਼ਲਤੀ ਕੀਤੀ ਸੀ। ਬਾਂਦਰ ਨੇ ਵੀ ਅੱਗੇ ਤੋਂ ਪਟਾਖੇ ਨਾ ਚਲਾਉਣ ਤੇ ਉਂਜ ਹੀ ਹੱਸ-ਖੇਡ ਕੇ ਦੀਵਾਲੀ ਮਨਾਉਣ ਦਾ ਫ਼ੈਸਲਾ ਕਰ ਲਿਆ ਸੀ।


# ਸ਼ਹਿਰ ਗਿਆ ਕਾਂ

ਕਾਂ ਇਕ ਕਿਸਾਨ ਦੇ ਖੇਤ ਵਿਚ ਰਹਿੰਦਾ ਸੀ। ਉਸਨੇ ਕਿਸਾਨ ਦੇ ਖੇਤ ਵਿਚ ਖੜ੍ਹੀ ਕਿੱਕਰ ਉਪਰ ਆਪਣੇ ਰਹਿਣ ਲਈ ਆਲ੍ਹਣਾ ਬਣਾਇਆ ਹੋਇਆ ਸੀ।

ਕਾਂ ਕਿਸਾਨ ਦੇ ਖੇਤ ਵਿਚ ਵਧੀਆ ਦਿਨ ਬਤੀਤ ਕਰ ਰਿਹਾ ਸੀ। ਇਥੇ ਉਸਨੂੰ ਕੋਈ ਤੰਗੀ ਨਹੀਂ ਸੀ। ਜਿਸ ਕਿੱਕਰ ਉੱਪਰ ਕਾਂ ਦਾ ਆਲ੍ਹਣਾ ਸੀ, ਉਸਦੇ ਕੋਲ ਹੀ ਕਿਸਾਨ ਦਾ ਟਿਊਬਵੈੱਲ ਸੀ। ਟਿਊਬਵੈੱਲ ਤੋਂ ਕਾਂ ਨੂੰ ਹਰ ਵਕਤ ਤਾਜ਼ਾ ਤੇ ਸਾਫ਼ ਪਾਣੀ ਪੀਣ ਨੂੰ ਮਿਲਦਾ ਸੀ। ਕਾਂ ਨੂੰ ਕਿਸਾਨ ਦੇ ਖੇਤ ਵਿਚੋਂ ਚੋਗਾ ਵੀ ਅਸਾਨੀ ਨਾਲ ਮਿਲ ਜਾਂਦਾ ਸੀ।

ਭਾਵੇਂ ਕਾਂ ਨੂੰ ਇਥੇ ਕਿਸਾਨ ਦੇ ਖੇਤ ਵਿਚ ਕੋਈ ਤੰਗੀ ਨਹੀਂ ਸੀ, ਫਿਰ ਵੀ ਉਸਦਾ ਮਨ ਸ਼ਹਿਰ ਜਾਕੇ ਵਸਣ ਨੂੰ ਲਲਚਾਉਂਦਾ ਰਹਿੰਦਾ। ਕਾਂ ਦੋ-ਚਾਰ ਦਿਨ ਕਿਸੇ ਹੋਰ ਕਾਂ ਨਾਲ ਸ਼ਹਿਰ ਘੁੰਮਣ ਚਲਾ ਗਿਆ ਸੀ ਤੇ ਸ਼ਹਿਰੀ ਚਕਾਚੌਂਧ ਨੇ ਕਾਂ ਦਾ ਮਨ ਮੋਹ ਲਿਆ ਸੀ। ਹੁਣ ਕਾਂ ਦਾ ਦਿਲ ਕਰਦਾ ਕਿ ਕਿਹੜਾ ਵੇਲਾ ਹੋਵੇ, ਉਹ ਸ਼ਹਿਰ ਚਲਾ ਜਾਵੇ।

"ਸ਼ਹਿਰ ਜਾਕੇ ਮੈਂ ਵੀ ਰੋਜ਼ਾਨਾ ਸ਼ਾਮ ਨੂੰ ਗੋਲਗੱਪੇ, ਚਾਉਮਿਨ, ਬਰਗਰ ਤੇ ਹੋਰ ਚਟਪਟਾ ਖਾਇਆ ਕਰੂੰਗਾ। ਮੈਂ ਵੀ ਰੋਜ਼ਾਨਾ ਫ਼ਿਲਮ ਵੇਖਿਆ ਕਰੂੰਗਾ।" ਕਾਂ ਸੋਚਦਾ।



ਜਿਸ ਕਿੱਕਰ ਉੱਪਰ ਕਾਂ ਰਹਿੰਦਾ ਸੀ, ਉਸ ਕਿੱਕਰ ਉੱਪਰ ਇਕ ਤੋਤਾ ਵੀ ਰਹਿੰਦਾ ਸੀ। ਤੋਤਾ, ਕਾਂ ਨੂੰ ਵਾਰ-ਵਾਰ ਸ਼ਹਿਰ ਨਾ ਜਾਣ ਦੀ ਸਲਾਹ ਦਿੰਦਾ।

"ਕਾਂ ਭਰਾਵਾ! ਬਿਨਾਂ ਕਿਸੇ ਕਾਰਣ ਦੇ ਸਾਨੂੰ ਆਪਣਾ ਜੱਦੀ ਘਰ ਕਦੇ ਵੀ ਨਹੀਂ ਛੱਡਣਾ ਚਾਹੀਦਾ। ਉਂਜ ਜੇ ਤੇਰਾ ਦਿਲ ਕਰਦਾ ਹੈ ਤਾਂ ਸ਼ਹਿਰ ਜਾਕੇ ਘੁੰਮ ਫਿਰ ਆਇਆ ਕਰ।" ਤੋਤਾ, ਕਾਂ ਨੂੰ ਸਮਝਾਉਂਦਾ ਹੋਇਆ ਆਖਦਾ। ਪਰ ਕਾਂ ਨਾ ਮੰਨਿਆ। ਫਿਰ ਇਕ ਦਿਨ ਉਹ ਸ਼ਹਿਰ ਚਲਾ ਹੀ ਗਿਆ।

ਸ਼ਹਿਰ ਆਕੇ ਕਾਂ ਨੇ ਸੜਕ ਕੰਢੇ ਇਕ ਟਾਹਲੀ ਉੱਪਰ ਆਪਣਾ ਆਲ੍ਹਣਾ ਬਣਾ ਲਿਆ। ਇਥੇ ਆ ਕੇ ਕਾਂ ਰੋਜ਼ਾਨਾ ਸ਼ਾਮ ਨੂੰ ਗੋਲਗੱਪੇ, ਚਾਉਮਿਨ ਤੇ ਬਰਗਰ ਖਾਣ ਲੱਗ ਪਿਆ ਸੀ। ਉਹ ਰੋਜ਼ਾਨਾ ਕਿਸੇ ਨਾ ਕਿਸੇ ਥੀਏਟਰ ਵਿਚ ਵੜ ਕੇ ਫਿਲਮ ਵੀ ਵੇਖ ਆਉਂਦਾ ਸੀ। ਪਰ ਉਸਨੂੰ ਸਾਰੀ ਰਾਤ ਨੀਂਦ ਨਹੀਂ ਆਉਂਦੀ ਸੀ।

ਕਾਂ, ਕਿਸਾਨ ਦੇ ਖੇਤ ਵਿਚ ਏਕਾਂਤ ਤੇ ਸ਼ਾਂਤ ਮਾਹੌਲ ਵਿਚ ਸੌਣ ਦਾ ਆਦੀ ਸੀ। ਪਰ ਇਥੇ ਸੜਕ ਉੱਪਰ ਸਾਰੀ ਰਾਤ ਆਵਾਜਾਈ ਰਹਿੰਦੀ ਤੇ ਮੋਟਰ-ਗੱਡੀਆਂ ਦੀ ਬੇਸੁਰੀ ਆਵਾਜ਼ ਕਾਂ ਨੂੰ ਨੀਂਦ ਨਾ ਆਉਣ ਦਿੰਦੀ। ਮੋਟਰ-ਗੱਡੀਆਂ ਦਾ ਧੂੰਆਂ ਸਾਰੀ ਰਾਤ ਕਾਂ ਦੇ ਸਿਰ ਨੂੰ ਚੜ੍ਹਦਾ ਰਹਿੰਦਾ। ਧੂੰਏ ਨਾਲ ਕਾਂ ਦਾ ਸਿਰ ਦੁਖਣ ਲੱਗ ਪੈਂਦਾ।

ਕਾਂ ਕਈ ਦਿਨ ਵੇਖਦਾ ਰਿਹਾ। ਕਾਂ ਕਿਧਰੋਂ ਨੀਂਦ ਦੀ ਗੋਲ਼ੀ ਲੱਭ ਕੇ ਲਿਆਇਆ। ਉਸਨੇ ਨੀਂਦ ਦੀ ਗੋਲ਼ੀ ਵੀ ਖਾ ਕੇ ਵੇਖੀ ਪਰ ਨੀਂਦ ਨਾ ਆਈ। ਹਾਰ ਕੇ ਕਾਂ ਨੇ ਇਥੋਂ ਸ਼ਹਿਰ ਵਿਚ ਕਿਸੇ ਹੋਰ ਥਾਂ ਜਾਣ ਦਾ ਫ਼ੈਸਲਾ ਕਰ ਲਿਆ।

ਕਾਂ ਉਡਦਾ ਗਿਆ, ਉਡਦਾ ਗਿਆ ਤੇ ਉਸਨੇ ਆਲ੍ਹਣਾ ਬਣਾਉਣ ਲਈ ਸ਼ਹਿਰ ਵਿਚ ਇਕ ਹੋਰ ਨਿੰਮ ਲੱਭ ਲਈ। ਇਹ ਨਿੰਮ ਇਕ ਘੱਟ ਆਵਾਜਾਈ ਵਾਲੀ ਸੜਕ ਉੱਪਰ ਸੀ। ਇਥੇ ਕਾਂ ਦੀ ਨੀਂਦ ਤੇ ਸੁਖ-ਚੈਨ ਵਿਚ ਮੋਟਰ ਗੱਡੀਆਂ ਦੀ ਬੇਸੁਰੀ ਅਵਾਜ਼ ਨੇ ਵਿਘਨ ਨਹੀਂ ਪਾਉਣਾ ਸੀ। ਨਾ ਹੀ ਇਥੇ ਬਹੁਤਾ ਧੂੰਆਂ ਸੀ। ਪਰ ਕਾਂ ਇਥੇ ਵੀ ਬੇਚੈਨ ਹੀ ਰਹਿੰਦਾ ਸੀ। ਰੋਜ਼ਾਨਾ ਰਾਤ ਨੂੰ ਕਾਂ ਦੀ ਮਾੜੀ ਜਿਹੀ ਅੱਖ ਲਗਦੀ ਤੇ ਉਹ ਤ੍ਰਬਕ ਕੇ ਉਠ ਜਾਂਦਾ।

ਜਿੱਥੇ ਕਾਂ ਨੇ ਹੁਣ ਆਲ੍ਹਣਾ ਬਣਾਇਆ ਸੀ, ਉਥੇ ਨਿੰਮ ਦੇ ਕੋਲ ਏਟੀਐਮ ਲੱਗਾ ਹੋਇਆ ਸੀ। ਏਟੀਐਮ ਦੇ ਬਾਹਰ ਚੌਵੀਂ ਘੰਟੇ ਇਕ ਬੰਦੂਕ ਵਾਲਾ ਆਦਮੀ ਤਾਇਨਾਤ ਰਹਿੰਦਾ ਸੀ।

ਏਟੀਐਮ ਦੇ ਬਾਹਰ ਬੰਦੂਕ ਲੈ ਕੇ ਪਹਿਰਾ ਦਿੰਦੇ ਆਦਮੀ ਨੇ ਕਾਂ ਨੂੰ ਕੁਝ ਨਹੀਂ ਆਖਣਾ ਸੀ। ਫਿਰ ਵੀ ਕਾਂ ਬੰਦੂਕ ਵਾਲੇ ਇਸ ਆਦਮੀ ਤੋਂ ਡਰਦਾ ਰਹਿੰਦਾ ਤੇ ਉਹ ਸਾਰੀ ਰਾਤ ਜਾਗਦਾ ਰਹਿੰਦਾ। ਨਿੱਕੇ ਹੁੰਦਿਆਂ ਕਾਂ ਆਪਣੇ ਬਜ਼ੁਰਗਾਂ ਤੋਂ ਸੁਣਦਾ ਹੁੰਦਾ ਸੀ ਕਿ ਇਸ ਤਰ੍ਹਾਂ ਦੇ ਬੰਦੂਕ ਵਾਲੇ ਆਦਮੀ ਪੰਛੀਆਂ ਨੂੰ ਮਾਰ ਮੁਕਾਉਂਦੇ ਹਨ।

ਕਿਸਾਨ ਦੇ ਖੇਤ ਵਿਚ ਜਿੱਥੇ ਕਾਂ ਰਹਿੰਦਾ ਸੀ, ਉਥੇ ਕਦੇ-ਕਦਾਈਂ ਹੀ ਕੋਈ ਬੰਦੂਕ ਵਾਲਾ ਆਦਮੀ ਆਉਂਦਾ ਹੁੰਦਾ ਸੀ। ਕਿਸਾਨ ਦੇ ਖੇਤ ਵਿਚ ਕਿਸੇ ਬੰਦੂਕ ਵਾਲੇ ਆਦਮੀ ਨੂੰ ਵੇਖਕੇ ਕਾਂ ਕੁਝ ਦੇਰ ਲਈ ਆਸੇ-ਪਾਸੇ ਹੋ ਜਾਂਦਾ ਹੁੰਦਾ ਸੀ ਪਰ ਇਥੇ ਸ਼ਹਿਰ ਵਿਚ ਬੰਦੂਕ ਵਾਲੇ ਆਦਮੀ ਤੋਂ ਆਸੇ-ਪਾਸੇ ਹੋਣ ਲਈ ਕਾਂ ਨੂੰ ਆਲ੍ਹਣਾ ਹੀ ਹੋਰ ਕਿਧਰੇ ਬਣਾਉਣਾ ਪੈਣਾ ਸੀ। ਇਸ ਤਰ੍ਹਾਂ ਬੰਦੂਕ ਵਾਲੇ ਆਦਮੀ ਤੋਂ ਡਰਦੇ ਮਾਰੇ ਕਾਂ ਨੇ ਇਥੇ ਵੀ ਨਾ ਰਹਿਣ ਦਾ ਫ਼ੈਸਲਾ ਕਰ ਲਿਆ। ਉਹ ਸ਼ਹਿਰ ਵਿਚ ਕੋਈ ਹੋਰ ਸੁਰੱਖਿਅਤ ਥਾਂ ਲੱਭਣ ਲੱਗ ਪਿਆ।

ਕਾਂ ਉਡਦਾ ਗਿਆ, ਉਡਦਾ ਗਿਆ ਤੇ ਉਸਨੇ ਬਸੇਰੇ ਵਾਸਤੇ ਸ਼ਹਿਰ ਵਿਚ ਇਕ ਹੋਰ ਘੱਟ ਆਵਾਜਾਈ ਵਾਲੀ ਸੜਕ ਲੱਭ ਲਈ। ਕਾਂ ਨੇ ਇਸ ਸੜਕ ਕੰਢੇ ਖੜ੍ਹੀ ਟਾਹਲੀ ਉੱਪਰ ਆਪਣਾ ਆਲ੍ਹਣਾ ਬਣਾ ਲਿਆ। ਭਾਵੇਂ ਇਸ ਟਾਹਲੀ ਦੇ ਨੇੜੇ ਕਿਧਰੇ ਵੀ ਏਟੀਐਮ ਨਹੀਂ ਸੀ, ਫਿਰ ਵੀ ਇਥੇ ਕਾਂ ਮੁਸ਼ਕਲ ਨਾਲ ਇਕ ਰਾਤ ਰਿਹਾ।

ਟਾਹਲੀ ਦੇ ਨੇੜੇ-ਤੇੜੇ ਕਿੰਨੀਆਂ ਹੀ ਵੈਲਡਿੰਗ ਕਰਨ ਵਾਲੀਆਂ ਦੁਕਾਨਾਂ ਸਨ ਤੇ ਵੈਲਡਿੰਗ ਦੀ ਤੇਜ਼ ਲਾਈਟ ਪੈ -ਪੈ ਕੇ ਕਾਂ ਦੀਆਂ ਇਕ ਦਿਨ ਵਿਚ ਹੀ ਅੱਖਾਂ ਸੁੱਜ ਗਈਆਂ ਸਨ।

ਹੁਣ ਕਾਂ ਨੇ ਸ਼ਹਿਰ ਵਿਚ ਸੜਕਾਂ ਤੋਂ ਪਿੱਛੇ ਘਰਾਂ ਕੋਲ ਰਹਿਣ ਦਾ ਫ਼ੈਸਲਾ ਕਰ ਲਿਆ। ਕਾਂ ਨੇ ਘੁੰਮ-ਫਿਰ ਕੇ ਘਰਾਂ ਵਿਚਾਲੇ ਇਕ ਪਾਰਕ ਲੱਭ ਲਿਆ। ਪਾਰਕ ਦੀ ਇਕ ਨੁੱਕਰ ਵਿਚ ਇਕ ਸ਼ਹਿਤੂਤ ਖੜ੍ਹਾ ਸੀ। ਕਾਂ ਨੇ ਸ਼ਹਿਤੂਤ ਉੱਪਰ ਆਪਣਾ ਆਲ੍ਹਣਾ ਬਣਾ ਲਿਆ।

ਇਸ ਪਾਰਕ ਵਿਚ ਆਕੇ ਕਾਂ ਬੇਹੱਦ ਖੁਸ਼ ਸੀ। ਪਾਰਕ ਵਿਚ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ। ਲੋਕ ਆਉਂਦੇ-ਜਾਂਦੇ ਰਹਿੰਦੇ ਸਨ ਤੇ ਬੱਚੇ ਖੇਡਦੇ ਰਹਿੰਦੇ ਸਨ। ਪਾਰਕ ਅਬਾਦੀ ਵਿਚ ਹੋਣ ਕਰਕੇ ਕਾਂ ਨੂੰ ਇਥੇ ਖਾਣ-ਪੀਣ ਦੀ ਵੀ ਮੌਜ ਹੋ ਗਈ ਸੀ। ਪਰ ਕਾਂ ਦੀ ਇਹ ਮੌਜ ਬਹੁਤ ਥੋੜ-ਚਿਰੀ ਸੀ।

ਪਾਰਕ ਵਿਚ ਬੱਚੇ ਰੋਜ਼ਾਨਾ ਖੇਡਣ ਆਉਂਦੇ ਸਨ। ਬੱਚੇ ਪਾਰਕ ਵਿਚ ਆਕੇ ਗੁੱਲੀ-ਡੰਡਾ ਖੇਡਦੇ। ਜਦੋਂ ਬੱਚੇ ਗੁੱਲੀ-ਡੰਡਾ ਖੇਡਦੇ, ਕਾਂ ਨੂੰ ਬੇਹੱਦ ਡਰ ਲੱਗਦਾ। ਕਾਂ ਡਰਦਾ ਰਹਿੰਦਾ ਕਿ ਗੁੱਲੀ ਕਿਧਰੇ ਉਸਦੀ ਅੱਖ ਵਿਚ ਨਾ ਵੱਜ ਜਾਵੇ। ਉਂਜ ਵੀ ਬੱਚਿਆਂ ਨੂੰ ਇਕ ਹੋਰ ਖੇਡ ਲੱਭ ਪਈ ਸੀ। ਕਾਂ ਨੂੰ ਟਾਹਲੀ ਉੱਪਰ ਬੈਠੇ ਨੂੰ ਵੇਖ ਕੇ ਬੱਚੇ ਵੱਟੇ ਮਾਰਨ ਲੱਗ ਪੈਂਦੇ ਸਨ। ਤਿੱਖੇ ਤੇ ਨੁਕੀਲੇ ਵੱਟੇ ਕਦੀ ਕਾਂ ਦੇ ਸੱਜਿਓਂ ਨਿਕਲ ਜਾਂਦੇ ਤੇ ਕਦੀ ਖੱਬਿਓਂ। ਕਾਂ ਬੜੀ ਮੁਸ਼ਕਲ ਨਾਲ ਵੱਟਿਆਂ ਤੋਂ ਆਪਣਾ ਮੂੰਹ ਸਿਰ ਬਚਾਉਂਦਾ। ਕਾਂ, ਕਾਂ, ਕਾਂ ਕਰਕੇ ਬੱਚਿਆਂ ਨੂੰ ਖੇਡਣ ਵਾਲੀ ਥਾਂ ਨੂੰ ਗੰਦਾ ਨਾ ਕਰਨ ਦਾ ਵਿਸ਼ਵਾਸ ਦਿਵਾਉਂਦਾ, ਪਰ ਮਨਚਲੇ ਬੱਚੇ ਕਾਂ ਦੀ ਇਕ ਨਾ ਸੁਣਦੇ। ਹਾਰ ਕੇ ਕਾਂ ਨੇ ਇਸ ਪਾਰਕ ਵਿਚੋਂ ਵੀ ਕਿੱਧਰੇ ਹੋਰ ਜਾਣ ਦਾ ਫ਼ੈਸਲਾ ਕਰ ਲਿਆ।

ਸੋਚ-ਵਿਚਾਰ ਕੇ ਕਾਂ ਨੇ ਸ਼ਹਿਰ ਤੋਂ ਬਾਹਰ ਪਰ ਸ਼ਹਿਰ ਦੇ ਨੇੜੇ ਰਹਿਣ ਦਾ ਮਨ ਬਣਾ ਲਿਆ। ਕਾਂ ਨੇ ਸ਼ਹਿਰ ਤੋਂ ਬਾਹਰ ਇਕ ਕਿੱਕਰ ਉੱਪਰ ਆਲ੍ਹਣਾ ਬਣਾ ਲਿਆ। ਪਰ ਕਾਂ ਇਥੇ ਵੀ ਇਕ ਰਾਤ ਹੀ ਰਿਹਾ। ਸ਼ਹਿਰ ਵਿਚੋਂ ਨਿਕਲਦੇ ਸੜਿਆਂਦ ਮਾਰਦੇ ਪਾਣੀ ਨੇ ਇਕ ਰਾਤ ਵਿਚ ਹੀ ਕਾਂ ਨੂੰ ਨਾਨੀ ਚੇਤੇ ਕਰਵਾ ਦਿੱਤੀ। ਕਾਂ ਨੇ ਆਪਣੇ ਨੱਕ-ਮੂੰਹ ਨੂੰ ਬਥੇਰਾ ਰੁਮਾਲ ਨਾਲ ਕੱਜਿਆ। ਨੱਕ-ਮੂੰਹ ਰੁਮਾਲ ਨਾਲ ਕੱਜਣ ਦੇ ਬਾਵਜੂਦ ਵੀ ਸੜਿਆਂਦ ਮਾਰਦੇ ਪਾਣੀ ਦੀ ਬੋਅ ਸਾਰੀ ਰਾਤ ਕਾਂ ਦੇ ਸਿਰ ਨੂੰ ਚੜ੍ਹਦੀ ਰਹੀ। ਸਵੇਰ ਹੋਣ ਤੱਕ ਕਾਂ ਦਾ ਸਿਰ ਦਰਦ ਨਾਲ ਪਾਟਣ ਲੱਗ ਪਿਆ। ਕਾਂ ਸਮਝ ਗਿਆ ਕਿ ਜੇ ਉਹ ਇਥੇ ਰਿਹਾ ਤਾਂ ਬਸ ਕੁਝ ਦਿਨਾਂ ਦਾ ਮਹਿਮਾਨ ਹੈ। ਕਾਂ ਉਸੇ ਵਕਤ ਵਾਪਸ ਕਿਸਾਨ ਦੇ ਖੇਤ ਵਿਚਲੀ ਕਿੱਕਰ ਉੱਪਰ ਜਾਣ ਦੀ ਤਿਆਰੀ ਕਰਨ ਲੱਗ ਪਿਆ। ਕਾਂ ਨੇ ਸ਼ਹਿਰ ਵਿਚ ਥਾਂ-ਥਾਂ ਘੁੰਮ ਕੇ ਵੇਖ ਲਿਆ ਸੀ। ਉਹ ਸਮਝ ਗਿਆ ਸੀ ਕਿ ਕਿਸਾਨ ਦੇ ਖੇਤ ਵਾਲਾ ਸੁੱਖ ਤੇ ਮੌਜ ਸ਼ਹਿਰ ਵਿਚ ਕਿਧਰੇ ਵੀ ਨਹੀਂ ਹੈ।

✪